Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.5/-

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 05-08-2023 • Vol.41 No.31 • Ph. : 0175-2214575, 5000386 • Page : 16 • E-mail : kdpublications@yahoo.co.in



# ਬਾਗਬਾਨੀ ਫਸਲਾਂ ਦੀ ਕਾਸ਼ਤ ਲਈ ਖੇਤੀ ਮਸ਼ੀਨਰੀ

ਅਰਸ਼ਦੀਪ ਸਿੰਘ, ਅਸੀਮ ਵਰਮਾ ਅਤੇ ਅਨੂਪ ਦੀਕਸ਼ਿਤ, ਫਾਰਮ ਮਸ਼ੀਨਰੀ ਅਤੇ ਪਾਵਰ ਇੰਜੀਨੀਅਰਿੰਗ ਵਿਭਾਗ, ਮੋਬਾਇਲ : 97799-41983

**ਟਰੈਕਟਰ ਚਲਿਤ ਪੋਸਟ ਹੋਲ ਡਿੱਗਰ** : ਇਹ ਮਸ਼ੀਨ ਬਾਗਬਾਨੀ ਲਈ ਟੋਏ ਪੁੱਟਣ ਦਾ ਕੰਮ ਕਰਦੀ ਹੈ। ਟੋਏ ਦਾ ਘੇਰਾ 15 ਤੋਂ 75 ਸੈਂਟੀਮੀਟਰ ਅਤੇ



ਡੂੰਘਾਈ 90 ਸੈਂਟੀਮੀਟਰ ਹੋ ਸਕਦੀ ਹੈ। ਇਹ ਮਸ਼ੀਨ ਦੀ ਪੀ.ਟੀ.ਓ. ਦੁਆਰਾ ਇੱਕ ਗੇਅਰ ਬਾਕਸ ਨਾਲ ਚੱਲਦੀ ਹੈ ਅਤੇ ਟਰੈਕਟਰ ਦੀਆਂ ਲਿੰਕਾਂ ਉੱਤੇ ਇਸ ਨੂੰ ਫਿੱਟ ਕੀਤਾ ਜਾਂਦਾ ਹੈ। ਆਮ ਹਾਲਤਾਂ ਵਿਚ ਇਹ ਮਸ਼ੀਨ ਇਕ ਘੰਟੇ ਵਿਚ 90 ਸੈਂਟੀਮੀਟਰ ਡੂੰਘਾਈ ਦੇ ਟੋਏ ਪੁੱਟਦੀ ਹੈ।

**ਟਰੈਕਟਰ ਨਾਲ ਵੱਟਾਂ ਬਣਾਉਣ ਅਤੇ ਪਲਾਸਟਿਕ ਮਲਚ ਵਿਛਾਉਣ ਵਾਲੀ ਮਸ਼ੀਨ** : ਪੋਲੀਥੀਨ ਮੱਲਚ ਦੇ ਕਈ ਫਾਇਦੇ ਹਨ ਜਿਵੇਂ ਕਿ ਜ਼ਮੀਨ ਦਾ ਤਾਪਮਾਨ ਠੀਕ ਰੱਖਣਾ, ਮਿੱਟੀ ਦੀ ਸਿਲਾਬ, ਬਣਤਰ ਤੇ ਉਪਜਾਊਪਨ ਬਚਾ ਕੇ ਰੱਖਣਾ ਅਤੇ ਨਦੀਨਾਂ, ਬਿਮਾਰੀਆਂ ਅਤੇ ਕੀੜਿਆਂ ਤੋਂ ਬਚਾਉਣਾ ਜਿਸ ਨਾਲ ਫਸਲ ਦੀ ਉਪਜ ਤੇ ਚੰਗਾ ਅਸਰ ਪੈਂਦਾ ਹੈ। ਇਹ ਮਸ਼ੀਨ ਚਾਰ ਕੰਮ ਇਕੱਠੇ ਕਰਦੀ ਹੈ ਜਿਵੇਂ ਕਿ ਵੱਟਾਂ ਬਣਾਉਣੀਆਂ, ਤੁਪਕਾ ਸਿੰਜਾਈ ਲਈ ਪਾਈਪ ਵਿਛਾਉਣਾ, ਮੱਲਚ ਵਿਛਾਉਣਾ ਅਤੇ ਲੋੜ ਅਨੁਸਾਰ ਦੂਰੀ ਤੇ ਸੁਰਾਖ ਕਰਨਾ। ਇਸ ਮਸ਼ੀਨ ਨੂੰ ਚਲਾਉਣ ਲਈ 30 ਹਾਰਸ ਪਾਵਰ ਵਾਲੇ ਟਰੈਕਟਰ ਦੀ ਲੋੜ ਹੈ। ਵੱਟਾਂ ਦੀ ਉਚਾਈ 15 ਤੋਂ 20 ਸੈਂਟੀਮੀਟਰ ਰੱਖੀ ਜਾ ਸਕਦੀ ਹੈ।

**ਸਬਜ਼ੀਆਂ ਦੀ ਪਨੀਰੀ ਲਗਾਉਣ ਲਈ ਟਰਾਂਸਪਲਾਂਟਰ** : ਇਸ ਵੈਜੀਟੇਬਲ ਟਰਾਂਸਪਲਾਂਟਰ ਨਾਲ ਟਮਾਟਰ, ਬੈਂਗਣ ਅਤੇ ਮਿਰਚਾਂ ਦੀ ਖੇਤ ਵਿਚ ਤਿਆਰ ਕੀਤੀ ਪਨੀਰੀ ਨੂੰ ਖੇਤਾਂ ਵਿਚ ਟਰਾਂਸਪਲਾਂਟ ਕੀਤਾ ਜਾ ਸਕਦਾ ਹੈ। ਮਸ਼ੀਨ ਵਿਚ ਦੋ ਰਿਜ ਬੌਟਮ, ਦੋ ਖੜਵੇਂ ਫਿੰਗਰ ਟਾਈਪ ਮੀਟਰਿੰਗ ਯੂਨਿਟ, ਉਪਰੇਟਰਾਂ ਦੇ ਬੈਠਣ ਲਈ ਦੋ ਸੀਟਾਂ, ਪਾਣੀ ਦੀ ਟੈਂਕੀ ਅਤੇ ਦੋ ਗਰਾਊਂਡ ਵ੍ਹੀਲ ਲੱਗੇ ਹਨ। ਇਸ ਮਸ਼ੀਨ 50 ਜਾਂ ਇਸ ਤੋਂ ਵਧੇਰੇ ਹਾਰਸ ਪਾਵਰ ਵਾਲੇ ਟਰੈਕਟਰ ਨਾਲ ਚਲਾਇਆ ਜਾ ਸਕਦਾ ਹੈ। ਮਸ਼ੀਨ ਦੀ ਸਮਰੱਥਾ 0.20-0.20 ਏਕੜ ਪ੍ਰਤੀ ਘੰਟਾ ਹੈ। ਮਸ਼ੀਨ ਨਾਲ ਬੂਟਿਆਂ ਦੀ ਲਵਾਈ ਸਮੇਂ ਮਿਸਿੰਗ 4% ਤੋਂ ਵੀ ਵਰਤੋਂ ਨਾਲ ਹੱਥੀਂ ਲਵਾਈ




ਨਾਲੋਂ ਲਗਭਗ 75-80% ਮਜ਼ਦੂਰਾਂ ਦੀ ਬੱਚਤ ਹੁੰਦੀ ਹੈ।

**ਸਬਜ਼ੀਆਂ ਦੀ ਸੈੱਲ ਟਾਈਪ ਲਗਾਉਣ ਲਈ ਵੈਜੀਟੇਬਲ ਟਰਾਂਸਪਲਾਂਟਰ** : ਇਸ ਵੈਜੀਟੇਬਲ ਟਰਾਂਸਪਲਾਂਟਰ ਨਾਲ ਟਮਾਟਰ, ਬੈਂਗਣ ਅਤੇ ਮਿਰਚਾਂ ਦੀ ਸੈੱਲ ਟਾਈਪ ਪਨੀਰੀ ਨੂੰ ਖੇਤਾਂ ਵਿਚ ਟਰਾਂਸਪਲਾਂਟ ਕੀਤਾ ਜਾ ਸਕਦਾ ਹੈ। ਮਸ਼ੀਨ ਵਿਚ ਦੋ ਰਿਜ ਬੌਟਮ, ਦੋ ਖੜਵੇਂ ਕਪਟਾਈਪ ਮੀਟਰਿੰਗ ਯੂਨਿਟ, ਉਪਰੇਟਰਾਂ ਦੇ ਬੈਠਣ ਲਈ ਦੋ ਸੀਟਾਂ, ਨਰਸਰੀ ਲਈ ਦੋ ਟਰੇਅ ਸਟੈਂਡ ਅਤੇ ਦੋ ਗਰਾਉਂਡ ਵ੍ਹੀਲ ਲੱਗੇ ਹਨ। ਇਸ ਮਸ਼ੀਨ ਨੂੰ 50 ਜਾਂ ਇਸ ਤੋਂ ਵਧੇਰੇ ਹਾਰਸ ਪਾਵਰ ਵਾਲੇ ਟਰੈਕਟਰ ਨਾਲ ਚਲਾਇਆ ਜਾ ਸਕਦਾ ਹੈ। ਗਰਾਉਂਡ ਵ੍ਹੀਲ ਅਤੇ ਮੀਟਰਿੰਗ ਵ੍ਹੀਲ ਦੀ ਗੀਅਰ ਰੇਸ਼ੋ ਬਦਲ ਕੇ ਬੂਟੇ ਤੋਂ ਬੂਟੇ ਦਾ ਫਾਸਲਾ ਬਦਲਿਆ ਜਾ ਸਕਦਾ ਹੈ। ਮਸ਼ੀਨ ਦੀ ਸਮਰੱਥਾ 0.27-0.37 ਏਕੜ ਪ੍ਰਤੀ ਘੰਟਾ ਹੈ। ਮਸ਼ੀਨ ਨਾਲ ਬੂਟਿਆਂ ਦੀ ਲਵਾਈ ਸਮੇਂ ਮਿਸਿੰਗ 4% ਤੋਂ ਵੀ ਘੱਟ ਹੈ। ਇਸ ਮਸ਼ੀਨ ਦੀ ਵਰਤੋਂ ਨਾਲ ਹੱਥੀਂ ਲਵਾਈ ਨਾਲੋਂ ਲਗਭਗ 85% ਮਜ਼ਦੂਰਾਂ ਦੀ ਬੱਚਤ ਹੁੰਦੀ ਹੈ।

---



# ਫਲਦਾਰ ਬੂਟੇ ਲਗਾਈਏ ਪਰਿਵਾਰ ਤੰਦਰੁਸਤ ਬਣਾਈਏ



ਡਾ. ਰਣਜੀਤ ਸਿੰਘ

ਫਲ ਕੁਦਰਤ ਵਲੋਂ ਬਖਸ਼ੇ ਸਾਡੇ ਸੰਤੁਲਿਤ ਭੋਜਨ ਲਈ ਵਰਦਾਨ ਹਨ। ਜੇਕਰ ਭੋਜਨ ਨਾਲ ਇਨ੍ਹਾਂ ਦੀ ਰੋਜ਼ਾਨਾ ਵਰਤੋਂ ਕੀਤੀ ਜਾਵੇ ਤਾਂ ਮਨੁੱਖੀ ਸਰੀਰ ਬਹੁਤ ਸਾਰੀਆਂ ਬਿਮਾਰੀਆਂ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ। ਫਲਾਂ ਵਿਚ ਮਨੁੱਖੀ ਸਰੀਰ ਲਈ ਲੋੜੀਂਦੇ ਵਿਟਾਮਿਨ ਤੇ ਧਾਤਾਂ ਹੁੰਦੀਆਂ ਹਨ। ਫਲਾਂ ਦੇ ਪੂਰੇ ਖੁਰਾਕੀ ਤੱਤ ਤਾਜ਼ੇ ਫਲਾਂ ਤੋਂ ਹੀ ਪ੍ਰਾਪਤ ਹੁੰਦੇ ਹਨ। ਆਮ ਲੋਕੀਂ ਫਲਾਂ ਦੀ ਵਰਤੋਂ ਘੱਟ ਕਰਦੇ ਹਨ। ਇਸ ਵਾਰ ਤਾਂ ਇਨ੍ਹਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਬਜਾਰ ਵਿਚ ਮਿਲਣ ਵਾਲੇ ਫਲ ਕਈ ਵਾਰ ਰਸਾਇਣਾਂ ਨਾਲ ਪਕਾਏ ਹੁੰਦੇ ਹਨ। ਉਂਜ ਵੀ ਰੇੜ੍ਹੀਆਂ ਉੱਤੇ ਖੁੱਲ੍ਹੇ ਵਿਚ ਫਲਾਂ ਉੱਤੇ ਮਿੱਟੀ ਤੇ ਹੋਰ ਕੀਟਾਣੂੰ ਆ ਜਾਂਦੇ ਹਨ। ਅੱਜ ਤੋਂ ਅੱਧੀ ਸਦੀ ਪਹਿਲਾਂ ਪੰਜਾਬ ਵਿਚ ਫਲਾਂ ਦੇ ਰੁੱਖ ਚੋਖੀ ਗਿਣਤੀ ਵਿਚ ਹੁੰਦੇ ਸਨ। ਆਮ ਕਰਕੇ ਖੂਹਾਂ ਲਾਗੇ ਇਕ ਦੋ ਫਲਦਾਰ ਬੂਟੇ ਤਾਂ ਕਿਸਾਨ ਲਗਾ ਹੀ ਲੈਂਦੇ ਸਨ। ਦੁਆਬੇ ਵਿਚ ਅੰਬਾਂ ਦੇ ਬਗੀਚੇ ਹਨ। ਅਮਰੂਦ, ਬੇਰੀਆਂ ਦੇ ਰੁੱਖ ਵੀ ਆਮ ਹੀ ਹੁੰਦੇ ਹਨ। ਇਹ ਸਾਰੇ ਖੁਰਾਕੀ ਤੱਤਾਂ ਨਾਲ ਭਰਪੂਰ ਫਲ ਹਨ। ਪੰਜਾਬ ਵਿਚ ਹੋਈ ਮੁਰੱਬਾਬੰਦੀ ਦੇ ਜਿੱਥੇ ਲਾਭ ਤਾਂ ਬਹੁਤ ਹੋਏ ਪਰ ਰੁੱਖਾਂ ਦੀ ਕਟਾਈ ਵੀ ਹੋਈ। ਇਸ ਸਮੇਂ ਪੰਜਾਬ ਵਿਚ ਮਸਾਂ ਇਕ ਲੱਖ ਹੈਕਟੇਅਰ ਰਕਬਾ ਹੀ ਫਲਾਂ ਹੇਠ ਹੈ। ਇਸ ਵਿਚੋਂ ਅੱਧਾ ਰਕਬਾ ਕੇਵਲ ਕਿੰਨੂ ਹੇਠ ਹੈ। ਦੂਜੇ ਨੰਬਰ ਉੱਤੇ ਅਮਰੂਦ ਹੈ ਜਿਸ ਹੇਠ ਕੋਈ 10000 ਹੈਕਟੇਅਰ ਰਕਬਾ ਹੈ। ਅੰਬਾਂ ਹੇਠ ਹੁਣ ਕੇਵਲ 8000 ਹੈਕਟੇਅਰ ਰਕਬਾ ਹੀ ਰਹਿ ਗਿਆ ਹੈ। ਬਾਗ ਲਗਾਉਣ ਤੋਂ ਆਮ ਲੋਕੀ ਘਬਰਾਉਂਦੇ ਹਨ ਕਿਉਂਕਿ ਬੂਟਿਆਂ ਦੀ ਵਿਸ਼ੇਸ਼ ਸਾਂਭ ਸੰਭਾਲ ਕਰਨੀ ਪੈਂਦੀ ਹੈ। ਪਰ ਘਰ ਦੀ ਵਰਤੋਂ ਲਈ ਬੰਬੀ ਲਾਗੇ ਦੋ ਤਿੰਨ ਫਲਦਾਰ ਰੁੱਖ ਜ਼ਰੂਰ ਲਗਾਉਣੇ ਚਾਹੀਦੇ ਹਨ ਤਾਂ ਜੋ ਆਪਣੇ ਖੇਤਾਂ ਦੇ ਤਾਜੇ ਤੇ ਜ਼ਹਿਰ ਰਹਿਤ ਫਲਾਂ ਨੂੰ ਖਾਣ ਦਾ ਅਨੰਦ ਮਾਣਿਆ ਜਾ ਸਕੇ। ਅਗਸਤ-ਸਤੰਬਰ ਸਦਾਬਹਾਰ ਨਵੇਂ ਬੂਟੇ ਲਗਾਉਣ ਲਈ ਢੁੱਕਵਾਂ ਸਮਾਂ ਹੈ। ਆਪਣੇ ਖੇਤ ਵਿਚ ਅੰਬ, ਅਮਰੂਦ, ਬੇਰੀ, ਕਿੰਨੂ, ਨਿੰਬੂ ਤੇ ਜਾਮਣ ਆਦਿ ਦੇ ਬੂਟੇ ਲਗਾ ਲੈਣੇ ਚਾਹੀਦੇ ਹਨ।

ਕਿੰਨੂ ਦੇ ਬਹੁਤੇ ਬਗੀਚੇ ਮਾਲਵੇ ਅਤੇ ਹੁਸ਼ਿਆਰਪੁਰ ਵਿਖੇ ਪਰ ਬੰਬੀ ਲਾਗੇ ਇਕ ਬੂਟਾ ਤਾਂ ਲਗਾਇਆ ਹੀ ਜਾ ਸਕਦਾ ਹੈ। ਪੀ ਏ ਯੂ-ਕਿੰਨੂ-1 ਕਿਸਮ ਦਾ ਬੂਟਾ ਲਗਾਵੋ ਕਿਉਂਕਿ ਇਸ ਵਿਚ ਬੀਜ ਬਹੁਤ ਘਟ ਹੁੰਦੇ ਹਨ। ਨਿੰਬੂ ਦੀ ਵਰਤੋਂ ਤਾਂ ਸਾਰਾ ਸਾਲ ਘਰ ਵਿਚ ਹੁੰਦੀ ਹੈ। ਇਸ ਵਾਰ ਬਾਜ਼ਾਰ ਵਿਚ ਵੀ ਲਗਾਇਆ ਜਾ ਸਕਦਾ ਹੈ। ਪੰਜਾਬ ਬਾਰਾਮਸੀ ਨਿੰਬੂ, ਪੀ ਏ ਯੂ ਬਾਰਾਮਸੀ ਨਿੰਬੂ-1 ਤੇ ਕਾਗਜ਼ੀ ਇਸ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਅਮਰੂਦ ਹਰੇਕ ਥਾਂ ਹੋ ਜਾਂਦਾ ਹੈ। ਇਸ ਕਰਕੇ ਇਸ ਦਾ ਇਕ ਬੂਟਾ ਜ਼ਰੂਰ ਲਗਾਵੋ। ਇਹ ਵਿਟਾਮਿਨ ਸੀ ਅਤੇ ਐਂਟੀਔਕਸੀਡੈਂਟ ਦਾ ਵਧੀਆ ਸੋਮਾ ਹੈ। ਘਟ ਬੀਜ ਲਈ ਸ਼ਵੇਤਾ ਅਤੇ ਲਾਲ ਗੁੱਦੇ ਲਈ ਪੰਜਾਬ ਪਿੰਕ ਕਿਸਮਾਂ ਦੇ ਬੂਟੇ ਲਗਾਵੋ। ਪੰਜਾਬ ਐਪਲ ਅਮਰੂਦ, ਪੰਜਾਬ ਕਿਰਨ ਤੇ ਪੰਜਾਬ ਸਫੈਦਾ ਹੋਰ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਕ ਬੂਟੇ ਤੋਂ ਇਕ ਕੁਇੰਟਲ ਤੋਂ ਵੱਧ ਫਲ ਪ੍ਰਾਪਤ ਹੋ ਜਾਂਦਾ ਹੈ। ਅੰਬ ਨੂੰ ਫਲਾਂ ਦਾ ਰਾਜਾ ਮੰਨਿਆ ਜਾਂਦਾ ਹੈ। ਕਦੇ ਦੁਆਬੇ ਨੂੰ ਚੂਪਣ ਵਾਲੇ ਅੰਬਾਂ ਦਾ ਘਰ ਮੰਨਿਆ ਜਾਂਦਾ ਸੀ। ਇਸੇ ਕਰਕੇ ਆਖਿਆ ਜਾਂਦਾ ਸੀ, ਅੰਬੀਆਂ ਨੂੰ ਤਰਸੇਂਗੀ, ਜਦੋਂ ਛੱਡਿਆ ਦੇਸ਼ ਦੁਆਬਾ। ''ਹੁਣ ਤਾਂ ਬਹੁਤ ਰੁੱਖ ਕੱਟੇ ਗਏ ਹਨ। ਪੰਜਾਬ ਵਿਚ ਕਾਸ਼ਤ ਲਈ ਕਲਮੀ ਅੰਬਾਂ ਦੀਆਂ ਅਲਫੈਂਜੋ, ਦੁਸਹਰੀ ਤੇ ਲੰਗੜਾ ਕਿਸਮ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਚੂਪਣ ਵਾਲੇ ਅੰਬਾਂ ਵਿਚ ਰੰਗੀਆ ਸੰਧੂਰੀ ਕਿਸਮ ਨੂੰ ਵਧੀਆ ਮੰਨਿਆ ਜਾਂਦਾ ਹੈ। ਇਸ ਤੋਂ ਬਗੈਰ ਜੀ ਐਨ-1 ਤੋਂ ਜੀ ਐਨ-7 ਤਕ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਬੇਰਾਂ ਨੂੰ ਗਰੀਬਾਂ ਦਾ ਫਲ ਆਖਿਆ ਜਾਂਦਾ ਸੀ ਪਰ ਹੁਣ ਤਾਂ ਇਸ ਦੀ ਕੀਮਤ ਵਿਚ ਚੋਖਾ ਵਾਧਾ ਹੋਇਆ ਹੈ। ਬੇਰ ਵਿਚ ਵਿਟਾਮਿਨ ਸੀ, ਪ੍ਰੋਟੀਨ, ਕੈਲਸ਼ੀਅਮ, ਲੋਹਾ ਅਤੇ ਫਾਸਫੋਰਸ ਹੁੰਦੇ ਹਨ। ਉਮਰਾਨ ਕਿਸਮ ਦਾ ਸਭ ਤੋਂ ਵੱਧ ਝਾੜ ਹੈ। ਵਲੈਤੀ ਅਤੇ ਸਨੌਰ-2 ਕਿਸਮਾਂ ਦੀ ਵੀ ਸਿਫਾਰਸ਼ ਕੀਤੀ ਗਈ ਹੈ। ਉਗਾਨ ਦੇ ਇਕ ਬੂਟੇ ਤੋਂ ਦੋ ਕੁਇੰਟਲ ਝਾੜ ਪ੍ਰਾਪਤ ਹੋ ਜਾਂਦਾ ਹੈ। ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿਚ ਲੀਚੀ ਦੀ ਵੀ ਕਾਸ਼ਤ ਕੀਤੀ ਜਾ ਸਕਦੀ ਹੈ। ਦੇਹਰਾਦੂਨ, ਕਲਕੱਤੀਆ ਅਤੇ ਸੀਡਲੈਸ ਲੇਟ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਪੰਜਾਬ ਵਿਚ ਆਂਵਲੇ ਦਾ ਅਚਾਰ ਅਤੇ ਮੁਰੱਬਾ ਬਹੁਤ ਪਸੰਦ ਕੀਤਾ ਜਾਂਦਾ ਹੈ। ਉਹ ਵਿਟਾਮਿਨ ਸੀ, ਪੈਕਟਿਨ ਅਤੇ ਖਣਿਜ ਪਦਾਰਥਾਂ ਦਾ ਮੁੱਖ ਸੋਮਾ ਹੈ। ਬਲਵੰਤ, ਨੀਲਮ ਅਤੇ ਕੰਚਨ ਸਿਫਾਰਸ਼ ਕੀਤੀਆਂ ਕਿਸਮਾਂ ਹਨ।

ਨੀਮ ਪਹਾੜੀ ਇਲਾਕਿਆਂ ਵਿਚ ਚੀਕੂ ਦੇ ਬੂਟੇ ਵੀ ਸਫਲਤਾਪੂਰਵਕ ਉਗਾਏ ਜਾ ਸਕਦੇ ਹਨ। ਚੀਕੂ ਕਾਰਬੋਹਾਈਡ੍ਰੇਟ, ਚਰਬੀ, ਕੈਲਸ਼ੀਅਮ, ਫਾਸਫੋਰਸ, ਲੋਹਾ ਅਤੇ ਰੇਸ਼ੇ ਦਾ ਵਧੀਆ ਸੋਮਾ ਹੈ। ਕਾਲੀ ਪੱਤੀ ਅਤੇ ਕ੍ਰਿਕਟ ਬਾਲ ਸਿਫਾਰਸ਼ ਕੀਤੀਆਂ ਕਿਸਮਾਂ ਹਨ। ਇਹ ਵੱਡੇ ਰੁੱਖ ਬਣ ਜਾਂਦੇ ਹਨ ਤੇ ਇਕ ਬੂਟੇ ਤੋਂ 1.5 ਕੁਇੰਟਲ ਤੋਂ ਵੱਧ ਫਲ ਪ੍ਰਾਪਤ ਹੋ ਜਾਂਦਾ ਹੈ। ਬਰਸਾਤ ਵਿਚ ਲੁਕਾਠ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਇਹ ਅਪ੍ਰੈਲ ਵਿਚ ਪੱਕ ਜਾਂਦਾ ਹੈ ਜਦੋਂ ਬਾਜ਼ਾਰ ਵਿਚ ਹੋਰ ਫਲ ਨਹੀਂ ਹੁੰਦੇ।

ਕੈਲੇਫੋਰਨੀਆਂ ਐਡਵਾਂਸ, ਗੋਲਡਨ ਯੈਲੋ, ਪੇਲਯੈਲੋ ਉੱਨਤ ਕਿਸਮਾਂ ਹਨ। ਖੁਸ਼ਕ ਇਲਾਕਿਆਂ ਵਿਚ ਖਜੂਰ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਹਲਾਵੀ ਅਤੇ ਬਰੀ ਸਿਫਾਰਸ਼ ਕੀਤੀਆਂ ਗਈਆਂ ਕਿਸਮਾਂ ਹਨ। ਬਿੱਲ ਇਕ ਹੋਰ ਅਜਿਹਾ ਫਲ ਹੈ ਜਿਸ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਇਸ ਵਿਚ ਰਾਈਬੋਫਲੇਵਿਨ, ਵਿਟਾਮਿਨ ਏ ਅਤੇ ਕਾਰਬੋਹਾਈਡ੍ਰੇਟ ਹੁੰਦੇ ਹਨ। ਇਸ ਦੇ ਫਲਾਂ ਦਾ ਗੁੱਦਾ ਸ਼ਰਬਤ ਬਣਾਉਣ ਲਈ ਵਰਤਿਆ ਜਾਂਦਾ ਹੈ। ਇਹ ਸਖਤ ਕਿਸਮ ਦਾ ਰੁੱਖ ਹੈ ਤੇ ਹਰ ਥਾਂ ਹੋ ਜਾਂਦਾ ਹੈ। ਕਾਗਜ਼ੀ ਇਸ ਦੀ ਸਿਫਾਰਸ਼ ਕੀਤੀ ਗਈ ਕਿਸਮ ਹੈ। ਇਸ ਵੇਰ ਘਰ ਦੇ ਵਿਹੜੇ ਜਾਂ ਬੰਬੀ ਲਾਗੇ ਘੱਟੋ ਘੱਟ ਦੋ ਫਲਦਾਰ ਰੁੱਖ ਲਗਾਵੋ, ਤਾਜ਼ੇ ਫਲ ਖਾਵੋ ਤੇ ਬਿਮਾਰੀਆਂ ਨੂੰ ਦੂਰ ਭਜਾਵੋ। ਬੂਟੇ ਹਮੇਸ਼ਾਂ ਸਿਹਤਮੰਦ, ਸਹੀ ਕਿਸਮ ਦੇ ਪੀ ਏ ਯੂ, ਸਰਕਾਰੀ ਜਾਂ ਸਰਕਾਰ ਵਲੋਂ ਮਨਜ਼ੂਰ ਨਰਸਰੀ ਤੋਂ ਹੀ ਖਰੀਦੋ। ਬੂਟੇ ਲਗਾਉਣ ਲਈ ਇਕ ਮੀਟਰ ਡੂੰਘੇ ਤੇ ਇਕ ਮੀਟਰ ਘੇਰੇ ਦੇ ਟੋਏ ਪੁੱਟੋ। ਇਨ੍ਹਾਂ ਨੂੰ ਅੱਧੀ ਤੇ ਰੂੜੀ ਨਾਲ ਭਰੋ। ਮੁੜ ਇੱਥੇ ਬੂਟਾ ਲਗਾਵੋ। ਬੂਟੇ ਦੀ ਸਾਂਭ ਸੰਭਾਲ ਜ਼ਰੂਰੀ ਹੈ। ਪੰਜਾਬੀਆਂ ਨੇ ਦੁੱਧ, ਘਿਓ, ਮੱਖਣ ਖਾਣਾ ਛੱਡ ਦਿੱਤਾ ਹੈ। ਇਸ ਨਾਲ ਸਰੀਰਕ ਕਮਜ਼ੋਰੀ ਦਾ ਹੋਣਾ ਜ਼ਰੂਰੀ ਹੈ। ਇਸ ਕਮੀ ਨੂੰ ਤਾਜ਼ੇ ਫਲਾਂ ਦੇ ਖਾਣ ਨਾਲ ਕੁੱਝ ਹੱਦ ਤੱਕ ਪੂਰਾ ਕੀਤਾ ਜਾ ਸਕਦਾ ਹੈ। ਇਸ ਕਰਕੇ ਤਾਜ਼ੇ ਫਲ ਖਾਵੋ ਅਤੇ ਸਿਹਤ ਠੀਕ ਰੱਖੋ।

ਝੋਨੇ ਦੀ ਫਸਲ ਦਾ ਝਾੜ ਘਟਾਉਣ ਵਿਚ ਕੀੜੇ ਅਹਿਮ ਰੋਲ ਅਦਾ ਕਰਦੇ ਹਨ । ਹੇਠਾਂ ਦਿੱਤੀਆਂ ਹਾਨੀਕਾਰਕ ਕੀੜਿਆਂ ਦੀ ਬਹੁਪੱਖੀ ਰੋਕਥਾਮ ਦੀਆਂ ਤਕਨੀਕਾਂ ਨੂੰ ਵਰਤੋਂ ।

# ਝੋਨੇ ਦੇ ਕੀੜਿਆਂ ਦੀ ਸਰਵਪੱਖੀ ਢੰਗਾਂ ਨਾਲ ਰੋਕਥਾਮ ਕਿਵੇਂ ਕਰੀਏ



**1. ਤਣੇ ਦੇ ਗੜੂੰਏ** : ਇਨ੍ਹਾਂ ਕੀੜਿਆਂ ਵਿਚ ਪੀਲੀ ਤਣਾ ਸੁੰਡੀ, ਚਿੱਟੀ ਤਣਾ ਸੁੰਡੀ ਅਤੇ ਗੁਲਾਬੀ ਤਣਾ ਸੁੰਡੀ ਸ਼ਾਮਿਲ ਹਨ । ਗੋਭ ਦੀਆਂ ਸੁੰਡੀਆਂ



ਜੁਲਾਈ ਤੋਂ ਅਕਤੂਬਰ ਤੱਕ ਫਸਲ ਦਾ ਨੁਕਸਾਨ ਕਰਦੀਆਂ ਹਨ ।

**ਰੋਕਥਾਮ : ੳ) ਸਮੇਂ ਸਿਰ ਬਿਜਾਈ** : ਸਿਫਾਰਸ਼ ਕੀਤੇ ਸਮੇਂ ਅਨੁਸਾਰ ਹੀ ਝੋਨੇ ਦੀ ਬਿਜਾਈ ਕਰੋ । ਇਸ ਨਾਲ ਪੀਲੀਆਂ ਅਤੇ ਚਿੱਟੀਆਂ ਸੁੰਡੀਆਂ ਨੂੰ ਵਧਣ ਫੁੱਲਣ ਲਈ ਘੱਟ ਸਮਾਂ ਮਿਲੇਗਾ ਅਤੇ ਇਨ੍ਹਾਂ ਦੀ ਗਿਣਤੀ ਨਹੀਂ ਵਧੇਗੀ ।

**ਅ) ਰੋਕਥਾਮ ਦੇ ਆਮ ਢੰਗ** : ਇਹ ਗੜੂੰਏਂ ਆਮ ਤੌਰ 'ਤੇ ਆਪਣੇ ਅੰਡੇ ਪੱਤਿਆਂ ਦੇ ਸਿਰਿਆਂ ਉੱਤੇ ਦਿੰਦੇ ਹਨ । ਇਸ ਲਈ ਪਨੀਰੀ ਨੂੰ ਖੇਤਾਂ ਵਿਚ ਲਾਉਣ ਸਮੇਂ ਪੌਦ ਦੇ ਪੱਤਿਆਂ ਦੇ ਸਿਰਿਆਂ ਨੂੰ ਕੱਟ ਦਿਉ ਤਾਂ ਕਿ ਅੰਡਿਆਂ ਦਾ ਨਾਸ਼ ਹੋ ਜਾਵੇ ਅਤੇ ਗੜੂੰਏਂ ਦੀ ਗਿਣਤੀ ਖੜ੍ਹੀ ਫਸਲ 'ਤੇ ਘੱਟ ਜਾਵੇ ।

**ੲ) ਰਸਾਇਣਕ ਦਵਾਈਆਂ ਰਾਹੀਂ** : ਜਿਨ੍ਹਾਂ ਖੇਤਾਂ ਵਿੱਚ ਇਸ ਕੀੜੇ ਦਾ ਹਮਲਾ 5 ਫੀਸਦੀ ਸੁੱਕੀਆਂ ਗੋਭਾਂ (ਇਕਨਾਮਿਕ ਥਰੈਸ਼ ਹੋਲਡ ਲੈਵਲ) ਤੋਂ ਵਧੇਰੇ ਹੋਵੇ ਉਥੇ 80 ਮਿਲੀਲੀਟਰ ਇਕੋਟਿਨ (ਅਜ਼ੈਡੀਰੇਕਟਿਨ 5 ਫੀਸਦੀ) ਜਾਂ 60 ਮਿਲੀਲੀਟਰ ਕੋਰਾਜਨ 20 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 20 ਮਿਲੀਲੀਟਰ ਫੇਮ 480 ਐਸ. ਸੀ. ਫਲੂਬੈਂਡਾਮਾਈਡ ਪ੍ਰਤੀ ਏਕੜ ਦਾ ਛਿੜਕਾਅ 100 ਲੀਟਰ ਪਾਣੀ ਵਿਚ ਘੋਲ ਕੇ ਕਰਨਾ ਚਾਹੀਦਾ ਹੈ ।

**2. ਪੱਤਾ ਲਪੇਟ ਸੁੰਡੀ** : ਪੱਤਾ ਲਪੇਟ ਸੁੰਡੀ ਜੁਲਾਈ ਤੋਂ ਅਕਤੂਬਰ ਤੱਕ ਫਸਲ ਦਾ ਨੁਕਸਾਨ ਕਰਦੀ ਹੈ । ਇਸ ਦੇ ਪਤੰਗੇ ਹਲਕੇ ਭੂਰੇ ਰੰਗ ਦੇ ਹੁੰਦੇ ਹਨ ।



**ਰੋਕਥਾਮ** : ੳ) ਨਾਈਟਰੋਜਨ ਤੱਤ ਵਾਲੀਆਂ ਖਾਦਾਂ ਵੱਧ ਪਾਉਣ ਨਾਲ ਇਸ ਸੁੰਡੀ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ ।

ਅ) ਦਰੱਖਤਾਂ ਦੀ ਛਾਂ ਹੇਠ ਆਉਣ ਵਾਲੀ ਫਸਲ 'ਤੇ ਸੁੰਡੀ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਲਈ ਫਸਲ ਨੂੰ ਛਾਂ ਵਾਲੀ ਥਾਂ ਤੇ ਬੀਜਣ ਤੋਂ ਗੁਰੇਜ਼ ਕਰੋ ।

**ੲ) ਰਸਾਇਣਕ ਰੋਕਥਾਮ** : ਪੱਤਾ ਲਪੇਟ ਸੁੰਡੀ ਦਾ ਹਮਲਾ ਹੋਣ ਤੇ 170 ਗ੍ਰਾਮ ਮੌਰਟਰ 75 ਐਸ ਜੀ (ਕਾਰਟਾਪ ਹਾਈਡਰੋ ਕਲੋਰਾਈਡ) ਜਾਂ 1 ਲਿਟਰ ਕੋਰੋਬਾਨ / ਡਰਸਬਾਨ / ਲੀਥਲ / ਕਲੋਰਗਾਰਡ / ਡਰਮਟ / ਕਲਾਸਿਕ / ਫੋਰਸ 20 ਈ ਸੀ (ਕਲੋਰਪਾਈਰੀਫਾਸ) ਜਾਂ 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ) ਪ੍ਰਤੀ ਏਕੜ ਦਾ ਛਿੜਕਾਅ 100 ਲਿਟਰ ਪਾਣੀ ਵਿਚ ਘੋਲ ਕੇ ਕਰਨਾ ਚਾਹੀਦਾ ਹੈ ।

**3. ਬੂਟਿਆਂ ਦੇ ਟਿੱਡੇ** : ਇਨ੍ਹਾਂ ਵਿਚ ਪ੍ਰਮੁੱਖ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਪੰਜਾਬ ਵਿਚ ਝੋਨੇ ਦੀ ਫਸਲ ਦਾ ਨੁਕਸਾਨ ਕਰਦੇ ਹਨ ।

**ਰੋਕਥਾਮ** :

**ੳ) ਖਾਦਾਂ ਦੀ ਸਹੀ ਵਰਤੋਂ** : ਵੱਧ ਨਾਈਟਰੋਜਨ ਵਾਲੀ ਖਾਦ ਪਾਉਣ ਨਾਲ ਬੂਟਿਆਂ ਦੇ ਟਿੱਡਿਆਂ ਦਾ ਹਮਲਾ ਵਧੇਰੇ ਹੁੰਦਾ ਹੈ । ਇਸ ਲਈ ਖਾਦਾਂ ਦੀ ਵਰਤੋਂ ਸਿਫਾਰਿਸ਼ ਅਨੁਸਾਰ ਹੀ ਕਰੋ ।



ਅ) ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੇਤੀ ਵਿਚ ਖੜ੍ਹਾ ਰੱਖਣਾ ਜ਼ਰੂਰੀ ਹੈ । ਇਸ ਪਿੱਛੋਂ ਪਾਣੀ ਉਸ ਵੇਲੇ ਦਿਓ ਜਦੋਂ ਖੇਤ ਵਿਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ । ਪਰ ਇੱਕ ਗੱਲ ਦਾ ਧਿਆਨ ਰੱਖੋ ਕਿ ਜ਼ਮੀਨ ਵਿਚ ਤਰੇੜਾਂ ਨਾ ਪੈਣ ।

**ੲ) ਰਸਾਇਣਕ ਰੋਕਥਾਮ** : ਬੂਟਿਆਂ ਦੇ ਟਿੱਡੇ ਦਾ ਹਮਲਾ ਹੋਣ 'ਤੇ 94 ਮਿਲੀਲੀਟਰ ਪੈਕਸਾਲੋਨ 10 ਐਸ ਸੀ (ਟ੍ਰਾਈਫਲੂਮੀਜ਼ੋਪਾਇਰਮ) ਜਾਂ 80 ਗ੍ਰਾਮ ਟੋਕਨ/ਓਸ਼ੀਨ 20 ਐਸ ਸੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ (ਪਾਈਮੈਟਰੋਜ਼ਿਨ) ਜਾਂ 800 ਮਿਲੀਲਿਟਰ ਏਕਾਲਕਸ / ਕੁਇਨਗਾਰਡ / ਕੁਇਨਲਮਾਸ 25 ਈ ਸੀ (ਕੁਇਨਲਫਾਸ) ਪ੍ਰਤੀ ਏਕੜ ਦਾ ਛਿੜਕਾਅ 100 ਲੀਟਰ ਪਾਣੀ ਵਿਚ ਘੋਲ ਕੇ ਕਰਨਾ ਚਾਹੀਦਾ ਹੈ ।

**4. ਝੋਨੇ ਦਾ ਹਿਸਪਾ** : ਪੰਜਾਬ ਦੇ ਕੁਝ ਜ਼ਿਲ੍ਹੇ ਗੁਰਦਾਸਪੁਰ, ਅੰਮ੍ਰਿਤਸਰ ਅਤੇ ਕਪੂਰਥਲਾ ਵਿਚ ਇਸ ਦਾ ਹਮਲਾ ਦੇਖਣ ਨੂੰ ਮਿਲਿਆ ਹੈ । ਜੇਕਰ ਹਮਲਾ ਖੜ੍ਹੀ ਫਸਲ ਵਿਚ ਜਾਪੇ ਤਾਂ 800 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਾਸ) ਜਾਂ 1 ਲਿਟਰ ਡਰਸਬਾਨ 20 ਈ ਸੀ (ਕਲੋਰੋਪਾਈਰੀਫਾਸ) ਪ੍ਰਤੀ ਏਕੜ ਦਾ ਛਿੜਕਾਅ 100 ਲੀਟਰ ਪਾਣੀ ਵਿਚ ਘੋਲ ਕੇ ਕਰਨਾ ਚਾਹੀਦਾ ਹੈ ।

**ਵਰਿੰਦਰ ਸਿੰਘ ਦਸਗਰਾਈਂ,**
**ਬਲਾਕ ਤਕਨਾਲੋਜੀ ਮੈਨੇਜਰ, ਖੇਤੀਬਾੜੀ ਦਫਤਰ, ਸ੍ਰੀ ਆਨੰਦਪੁਰ ਸਾਹਿਬ ।**



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : kdpublications@yahoo.co.in

www.khetiduniyan.in

**ਸਾਲ 41 ਅੰਕ 31**
**ਮਿਤੀ 05-08-2023**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ


## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH

# ਹੜ੍ਹਾਂ ਦੀ ਕਰੋਪੀ ਤੋਂ ਬਚਾਅ ਕਿਵੇ ਹੋਵੇ?

ਗੁਰਚਰਨ ਸਿੰਘ ਨੂਰਪੁਰ, ਜ਼ੀਰਾ
(ਮੋ. 98550-51099)

ਹਿਮਾਚਲ ਹਰਿਆਣਾ, ਉੱਤਰਾਖੰਡ ਅਤੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਕੁਦਰਤ ਕਹਿਰਵਾਨ ਹੋਈ ਹੈ ਅਤੇ ਲੋਕਾਂ ਨੂੰ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ। ਕੀ ਇਹ ਸਾਰਾ ਵਰਤਾਰਾ ਕੁਦਰਤੀ ਕਰੋਪੀ ਹੀ ਹੈ ਜਾਂ ਮਨੁੱਖ ਆਪਣੀਆਂ ਕੀਤੀਆਂ ਦਾ ਖਮਿਆਜ਼ਾ ਭੁਗਤ ਰਿਹਾ ਹੈ ? ਕੀ ਬਹੁਤ ਸਾਰੇ ਪਿੰਡਾਂ, ਸ਼ਹਿਰਾਂ ਤੇ ਰਿਹਾਇਸ਼ੀ ਇਲਾਕਿਆਂ ਵਿਚ ਜਿੱਥੇ ਪਾਣੀ ਭਰ ਗਿਆ ਹੈ, ਨੂੰ ਪਾਣੀ ਤੋਂ ਬਚਾਇਆ ਨਹੀਂ ਜਾ ਸਕਦਾ ? ਜੇਕਰ ਗਹੁ ਨਾਲ ਸਾਰੇ ਘਟਨਾ-ਕ੍ਰਮ ਦਾ ਮੁਲਾਂਕਣ ਕਰਾਂਗੇ ਤੇ ਅਸੀਂ ਕਹਾਂਗੇ ਕਿ ਠੀਕ ਹੈ ਇਹ ਕੁਦਰਤੀ ਕਰੋਪੀ ਹੈ ਪਰ ਇਸ ਨੂੰ ਸੰਤਾਪ ਬਣਨ ਤੋਂ ਕਾਫੀ ਹੱਦ ਤੱਕ ਰੋਕਿਆ ਜਾ ਸਕਦਾ ਸੀ।

ਮਨੁੱਖੀ ਸੱਭਿਅਤਾਵਾਂ ਨਦੀਆਂ ਤੇ ਦਰਿਆਵਾਂ ਦੇ ਕੰਢਿਆਂ 'ਤੇ ਵਿਕਸਿਤ ਹੋਈਆਂ ਹਨ। ਧਰਤੀ 'ਤੇ ਜੇਕਰ ਦਰਿਆ ਨਾ ਹੁੰਦੇ ਤਾਂ ਮਨੁੱਖੀ ਸੱਭਿਅਤਾ ਵੀ ਵਿਕਸਤ ਨਾ ਹੁੰਦੀ। ਜਿਵੇਂ ਅਸੀਂ ਆਖਦੇ ਹਾਂ ਕਿ ਰੁੱਖ ਧਰਤੀ ਦੇ ਫੇਫੜੇ ਹਨ। ਬਿਲਕੁਲ ਇਸੇ ਤਰ੍ਹਾਂ ਨਦੀਆਂ, ਦਰਿਆ, ਵੇਈਆਂ ਧਰਤੀ ਦੀਆਂ ਛੋਟੀਆਂ-ਵੱਡੀਆਂ ਨਾੜਾਂ ਹਨ ਜੋ ਧਰਤੀ ਵੱਖ-ਵੱਖ ਭਾਗਾਂ ਨੂੰ ਜਿਊਂਦਾਂ ਤੇ ਹਰਿਆ-ਭਰਿਆ ਰੱਖਣ ਲਈ ਸਮੇਂ-ਸਮੇਂ 'ਤੇ ਆਪਣਾ-ਆਪਣਾ ਵੱਡਾ ਰੋਲ ਅਦਾ ਕਰਦੀਆਂ ਹਨ। ਕੁਦਰਤ ਬੜੀ ਬੇਅੰਤ ਹੈ ਤੇ ਕੁਦਰਤ ਨੂੰ ਸਮਝਣ ਲਈ ਮਨੁੱਖ ਨੂੰ ਕਈ ਜਨਮ ਚਾਹੀਦੇ ਹਨ। ਬੇਸ਼ੱਕ ਸਾਡੇ ਕੋਲ ਅਜਿਹੀਆਂ ਆਧੁਨਿਕ ਤਕਨੀਕਾਂ ਹਨ, ਜਿਨ੍ਹਾਂ ਰਾਹੀਂ ਕਿਸੇ ਇਲਾਕੇ ਵਿਚ ਮੀਂਹ ਪੈਣ ਜਾਂ ਨਾ ਪੈਣ ਦੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ ਪਰ ਇਸ ਦੇ ਬਾਵਜੂਦ ਮੁਕੰਮਲ ਤੌਰ 'ਤੇ ਮਨੁੱਖ ਕੁਦਰਤ ਦੀ ਬਾਂਹ ਪਾਉਣ ਤੋਂ ਅਜੇ ਕੋਹਾਂ ਦੂਰ ਹੈ। ਮੌਜੂਦਾ ਘਟਨਾਕ੍ਰਮ ਦੀ ਹੀ ਜੇਕਰ ਗੱਲ ਕਰ ਲਈਏ ਤਾਂ ਇਸ ਹੜ੍ਹ ਦੇ ਸੰਤਾਪ ਤੋਂ ਹਫਤਾ ਪਹਿਲਾਂ ਕਿਸੇ ਨੂੰ ਚਿੱਤ-ਚੇਤਾ ਨਹੀਂ ਸੀ ਕਿ ਉੱਤਰੀ ਭਾਰਤ ਦੇ ਸੂਬਿਆਂ ਹਿਮਾਚਲ, ਹਰਿਆਣਾ, ਪੰਜਾਬ ਅਤੇ ਉੱਤਰਾਖੰਡ ਵਿਚ ਪਾਣੀ ਨਾਲ ਇੰਨੀ ਵਿਆਪਕ ਤਬਾਹੀ ਹੋਣ ਵਾਲੀ ਹੈ। ਅਖੌਤੀ ਆਧੁਨਿਕਤਾ ਦੇ ਇਸ ਦੌਰ ਵਿਚ ਅਸੀਂ ਕੁਦਰਤ ਦੇ ਕੰਮਾਂ ਵਿਚ ਇੰਨੀ ਦਖਲਅੰਦਾਜ਼ੀ ਕੀਤੀ ਤੇ ਇਸ ਭਰਮ ਦਾ ਸ਼ਿਕਾਰ ਹੋ ਗਏ ਕਿ ਅਸੀਂ ਸ਼ਾਇਦ ਕੁਦਰਤ 'ਤੇ ਜਿੱਤ ਪ੍ਰਾਪਤ ਕਰ ਰਹੇ ਹਾਂ। ਸਾਡੇ ਦਰਿਆਵਾਂ ਨੇ ਸੱਭਿਅਤਾਵਾਂ ਵਸਾਈਆਂ ਸਨ, ਮਨੁੱਖੀ ਵਿਕਾਸ ਦੇ ਪਹੀਏ ਨੂੰ ਅਗਾਂਹ ਤੋਰਿਆ ਸੀ ਪਰ ਸਾਡੀ ਵਿਕਸਿਤ ਸੱਭਿਅਤਾ ਨੇ ਆਪਣੇ ਜੀਵਨ ਦਾਤੇ ਦਰਿਆਵਾਂ ਨੂੰ ਪਲੀਤ ਕਰ ਦਿੱਤਾ। ਗੰਦੇ ਨਾਲਿਆਂ ਵਿਚ ਬਦਲ ਦਿੱਤਾ। ਪੰਜਾਬ ਕੇਵਲ ਪੰਜ ਪਾਣੀਆਂ ਦੀ ਧਰਤੀ ਨਹੀਂ ਇੱਥੇ ਹੋਰ ਵੀ ਕਈ ਛੋਟੀਆਂ ਨਦੀਆਂ ਵਹਿੰਦੀਆਂ ਸਨ। ਇਨ੍ਹਾਂ ਚੋਂ ਕੁਝ ਜੋ ਸ਼ਹਿਰਾਂ ਦੇ ਨਾਲ ਵਹਿੰਦੀਆਂ ਸਨ, ਉਨ੍ਹਾਂ ਨੂੰ ਤਾਂ ਗੰਦੇ ਨਾਲ ਬਣਾ ਦਿਤਾ ਗਿਆ ਬਾਕੀ ਸਭ ਦਾ ਨਾਮੋਨਿਸ਼ਾਨ ਹੀ ਮਿਟਾ ਦਿੱਤਾ ਗਿਆ। ਬਰਸਾਤੀ ਨਦੀਆਂ, ਡਰੇਨਾਂ, ਵੇਈਆਂ, ਚੋਆਂ ਦਾ ਖਾਤਮਾਂ ਕਰ ਕੇ ਅਸੀਂ ਧਰਤੀ ਦੀਆਂ ਨਾੜਾਂ ਨੂੰ ਕੱਟ ਦਿੱਤਾ ਜਿਸ ਦੇ ਫਲਸਰੂਪ ਧਰਤੀ ਤੇਜ਼ੀ ਨਾਲ ਬੰਜਰ ਹੋਣ ਲੱਗੀ ਤੇ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਹੋਣ ਦੇ ਸੋਮੇ ਖਤਮ ਹੋ ਗਏ। ਉੱਤਰੀ ਭਾਰਤ ਦੇ ਸ਼ਹਿਰਾਂ ਦਾ ਜੇਕਰ ਭੂਗੋਲਿਕ ਨਿਰੀਖਣ ਕੀਤਾ ਜਾਵੇ ਤਾਂ ਲਗਭਗ ਹਰ ਸ਼ਹਿਰ ਦੇ ਆਸ-ਪਾਸ ਹੁਣ ਵੀ ਨਦੀਆਂ ਦੇ ਨਿਸ਼ਾਨ ਲੱਭ ਜਾਣਗੇ। ਥੋੜ੍ਹਾ ਜਿਹਾ ਮੀਂਹ ਪੈਣ ਨਾਲ ਹੀ ਹੁਣ ਜਦੋਂ ਸ਼ਹਿਰਾਂ ਵਿਚ ਪਾਏ ਸੀਵਰੇਜ ਸਿਸਟਮ ਫੇਲ੍ਹ ਹੋ ਜਾਂਦੇ ਸਨ, ਸ਼ਹਿਰ ਪਾਣੀਆਂ ਨਾਲ ਭਰ ਜਾਂਦੇ ਹਨ, ਸ਼ਹਿਰਾਂ ਵਿਚ ਭਰੇ ਪਾਣੀ ਦੀਆਂ ਖਬਰਾਂ ਹੁਣ ਸਾਨੂੰ ਬੇਚੈਨ ਨਹੀਂ ਕਰਦੀਆਂ।



ਜਿਵੇਂ ਇਸ ਸਭ ਕੁਝ ਦੇ ਲੋਕ ਆਦੀ ਹੋ ਗਏ ਹਨ ਜਾਂ ਬਣਾ ਦਿੱਤੇ ਗਏ ਹਨ। ਜੇਕਰ ਕਿਤੇ ਵੱਧ ਮੀਂਹ ਪੈਂਦੇ ਹਨ ਤਾਂ ਮੀਂਹ ਦਾ ਪਾਣੀ ਹੜ੍ਹ ਦਾ ਰੂਪ ਅਖਤਿਆਰ ਕਰ ਲੈਂਦਾ ਹੈ ਤਾਂ ਇਹ ਸਭ ਕੁਝ ਨਾਕਸ ਵਿਵਸਥਾ ਕਰਕੇ ਹੈ।

ਅਖੌਤੀ ਆਧੁਨਿਕਤਾ ਤੇ ਕੁਦਰਤ ਦੇ ਕੰਮਾਂ ਵਿਚ ਹੱਦੋਂ ਵੱਧ ਦਖਲ ਦੀਆਂ ਸਿਆਣਪਾਂ ਕਾਰਨ ਹੀ ਪਹਾੜੀ ਥਾਵਾਂ ਤੇ ਬੱਦਲ ਫਟਦੇ ਹਨ। ਬਾਰਿਸ਼ਾਂ ਦਾ ਪਾਣੀ ਕਹਿਰ ਬਣ ਜਾਂਦਾ ਹੈ, ਉਨ੍ਹਾਂ ਥਾਵਾਂ 'ਤੇ ਸੜਕਾਂ ਦੇ ਜਾਲ, ਮੰਦਰ, ਡੇਰੇ, ਗੁਰਦੁਆਰੇ ਉਸਾਰ ਕੇ, ਇਨ੍ਹਾਂ ਇਮਾਰਤਾਂ ਨੂੰ ਲੋਕਾਂ ਨੇ ਆਪਣੀਆਂ ਸੁਖ-ਸਹੂਲਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਗਰਮੀਆਂ ਵਿਚ ਠੰਢੇ ਰਹਿਣ ਵਾਲੇ ਇਲਾਕਿਆਂ ਵਿਚ ਕਾਰੋਬਾਰ ਕਰਨ ਲਈ ਇਨ੍ਹਾਂ ਨਾਲ ਕਰਾਮਾਤੀ ਕਹਾਣੀਆਂ ਜੋੜ ਕੇ ਲੋਕਾਂ ਦੀ ਆਸਥਾ ਨੂੰ ਕੈਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਇਲਾਕਿਆਂ ਵਿਚ ਵਿਸ਼ਾਲ ਡੇਰੇ ਤੇ ਵੱਖ-ਵੱਖ ਧਰਮਾਂ ਦੇ ਧਰਮ ਅਸਥਾਨ ਉਸਾਰੇ ਗਏ। ਸੰਵੇਦਨਸ਼ੀਨ ਇਲਾਕਿਆਂ ਵਿਚ ਹੋਈ ਉਸਾਰੀ ਲਈ ਲੱਖਾਂ ਰੁੱਖ ਕੱਟ ਦਿੱਤੇ ਗਏ ਪਹਾੜ ਨੰਗੇ ਹੋ ਗਏ। ਇਨ੍ਹਾਂ ਇਲਾਕਿਆਂ ਵਿਚ ਗੱਡੀਆਂ ਮੋਟਰਾਂ ਦੀ ਵਧੀ ਆਵਾਜਾਈ ਨਾਲ ਗਰਮੀ ਪੈਦਾ ਹੋਣ ਨਾਲ ਜਿੱਥੇ ਤੇਜ਼ੀ ਨਾਲ ਬਰਫੀਲੇ ਇਲਾਕਿਆਂ ਦੀ ਬਰਫ ਪਿਘਲਦੀ ਹੈ ਉੱਥੇ ਮੀਂਹਾਂ ਦੇ ਪਾਣੀਆਂ ਵਿਚ ਇਕ ਵੇਗ ਆ ਜਾਦਾ ਹੈ। ਪਹਾੜਾਂ ਵਿਚ ਹੋਈ ਬਾਰਿਸ਼ ਦਾ ਪਾਣੀ ਹੁਣ ਤੇਜ਼ ਵੇਗ ਨਾਲ ਹੇਠਾਂ ਮੈਦਾਨਾਂ ਵੱਲ ਧਾਵਾ ਬੋਲਦਾ ਹੈ। ਕੁਝ ਹੀ ਘੰਟਿਆਂ ਵਿਚ ਇਹ ਪਾਣੀ ਹੜ੍ਹ ਦਾ ਰੂਪ ਅਖਤਿਆਰ ਕਰ ਜਾਂਦਾ ਹੈ, ਮੈਦਾਨਾਂ ਵਿਚ ਵੱਡਾ ਨੁਕਸਾਨ ਕਰਕੇ, ਦਰਿਆਵਾਂ ਰਾਹੀਂ ਸਮੁੰਦਰ ਵੱਲ ਵਹਿ ਜਾਂਦਾ ਹੈ। ਪਹਿਲਾਂ ਅਜਿਹਾ ਨਹੀਂ ਹੁੰਦਾ ਸੀ। ਪਹਾੜਾਂ 'ਤੇ ਸੰਘਣੀ ਬਨਸਪਤੀ, ਜੰਗਲ, ਰੁੱਖ ਪਾਣੀਆਂ ਨੂੰ ਰੋਕ ਕੇ ਰੱਖਦੇ ਸਨ, ਇਹ ਪਾਣੀ ਹੌਲੀ-ਹੌਲੀ ਮੈਦਾਨਾਂ ਵੱਲ ਵਹਿੰਦਾ ਸੀ। ਸਾਡੇ ਦਰਿਆ ਅਤੇ ਹੋਰ ਛੋਟੀਆਂ ਨਦੀਆਂ, ਵੇਈਆਂ ਸਾਰਾ ਸਾਲ ਵਹਿੰਦੀਆਂ ਰਹਿੰਦੀਆਂ ਸਨ। ਧਰਤੀ 'ਤੇ ਜਨ-ਜੀਵਨ ਲਈ ਬੇਹੱਦ ਸੁਖਾਵਾਂ ਮਾਹੌਲ ਬਣਿਆ ਰਹਿੰਦਾ ਸੀ। ਲੋਕਾਂ ਕੋਲ ਪਾਣੀ ਨੂੰ ਪੈਦਾ ਕਰਨ, ਧਰਤੀ ਹੇਠੋਂ ਕੱਢਣ ਦੀਆਂ ਆਧੁਨਿਕ ਤਕਨੀਕਾਂ ਨਹੀਂ ਸਨ। ਇਹ ਉਹ ਸਮਾਂ ਸੀ ਜਦੋਂ ਲੋਕ ਮਨਾਂ ਵਿਚ ਪਾਣੀ ਦਾ ਪਿਤਾ ਦੇ ਰੂਪ ਵਿਚ ਸਤਿਕਾਰ ਸੀ। ਫਿਰ ਜਦੋਂ ਅਸੀਂ ਧਰਤੀ ਨੂੰ ਆਪਣੇ ਵੱਸ ਵਿਚ ਕਰਕੇ ਇਸ ਨਾਲ ਖੋਹਾ-ਖੋਹੀ ਵਾਲਾ ਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ ਤਾਂ ਅਸੀਂ ਕੁਦਰਤੀ ਕਰੋਪੀਆਂ ਦੇ ਸ਼ਿਕਾਰ ਹੋਣ ਲੱਗ ਪਏ। ਹੁਣ ਪਾਣੀ ਗੁਲਾਮ ਬਣ ਕੇ ਸਾਡੀ ਰਸੋਈ ਦੀ ਟੂਟੀ ਵਿਚ ਖੜ੍ਹਾ ਹੈ ਪਰ ਅਸੀਂ ਪਾਣੀ ਵੱਲੋਂ ਭਿਆਨਕ ਸੰਕਟਾਂ ਦੇ ਸ਼ਿਕਾਰ ਹਾਂ। ਇਹੋ ਪਾਣੀ ਸਾਡੇ ਆਸ-ਪਾਸ ਤਰਥੱਲੀ ਵੀ ਮਚਾ ਰਿਹਾ ਹੈ ਅਤੇ ਧਰਤੀ ਤੋਂ ਹੇਠਾਂ ਸਾਡੇ ਤੋਂ ਹਰ ਦਿਨ ਦੂਰ ਵੀ ਹੋ ਰਿਹਾ ਹੈ। ਅਸੀਂ ਕੁਦਰਤ ਦਾ ਸਤਿਕਾਰ ਕਰਨਾ ਕਦੋਂ ਸਿੱਖਾਂਗੇ ? ਇਹ ਇਕ ਵੱਡਾ ਸਵਾਲ ਹੈ। ਸਾਡੀਆਂ ਸਰਕਾਰਾਂ ਕਦੇ ਵੀ ਧਰਤੀ ਦੀ ਸਿਹਤ ਪ੍ਰਤੀ ਫਿਕਰਮੰਦ ਨਹੀਂ ਹੋਈਆਂ। ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਸਰਕਾਰ ਵਲੋਂ ਮੌਨਸੂਨ ਦੀ ਆਮਦ ਤੋਂ ਪਹਿਲਾਂ ਨਹਿਰਾਂ, ਡਰੇਨਾਂ ਨੂੰ ਸਾਫ ਕਰਨ ਦਾ ਕੰਮ ਲਗਭਗ ਬੰਦ ਕੀਤਾ ਹੋਇਆ ਹੈ। ਮੌਜੂਦਾ ਸਰਕਾਰ ਨੇ ਵੀ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਸਾਡੀਆਂ ਸਰਕਾਰਾਂ ਹੋਰ ਕਈ ਤਰ੍ਹਾਂ ਦੇ ਫਜ਼ੂਲ ਕੰਮਾਂ 'ਤੇ, ਜਿਨ੍ਹਾਂ ਦੀ ਲੋਕਾਂ ਨੂੰ ਲੋੜ ਨਹੀਂ ਹੁੰਦੀ ਅਤੇ ਲੋਕ ਕਦੇ ਮੰਗ ਵੀ ਨਹੀਂ ਕਰਦੇ, 'ਤੇ ਤਾਂ ਬੇਹਿਸਾਬਾ ਪੈਸਾ ਬਰਬਾਦ ਕਰ ਦਿੰਦੀਆਂ ਹਨ ਪਰ ਜੀਵਨ ਨਾਲ ਜੁੜੇ ਮਸਲਿਆਂ ਤੋਂ ਕਿਨਾਰਾਕਸ਼ੀ ਕਰਦੀਆਂ ਰਹਿੰਦੀਆਂ ਹਨ। ਪੰਜਾਬ ਦੀ ਧਰਤੀ 'ਤੇ ਥੋੜ੍ਹੀ-ਥੋੜ੍ਹੀ ਦੂਰ 'ਤੇ ਜੋ ਵੇਈਆਂ ਜਾਂ ਛੋਟੀਆਂ ਨਦੀਆਂ ਵਹਿੰਦੀਆਂ ਸਨ, ਦੀਆਂ ਜ਼ਮੀਨਾਂ 'ਤੇ ਨਾਜਾਇਜ਼ ਕਬਜ਼ੇ ਹੋ ਗਏ। ਇਨ੍ਹਾਂ ਬਰਸਾਤੀ ਨਦੀਆਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਅਜਿਹੇ ਕਰਕੇ ਅਸੀਂ ਹੜ੍ਹਾਂ ਦੀ ਕਰੋਪੀ ਤੋਂ ਵੀ ਕੁਝ ਹੱਦ ਤੱਕ ਬਚ ਸਕਦੇ ਹਾਂ ਅਤੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਵਿਚ ਵੀ ਸਫਲ ਹੋ ਸਕਦੇ ਹਾਂ। ਜ਼ੀਰੇ ਇਲਾਕੇ ਦੇ ਸਾਡੇ ਪਿੰਡ ਨੂਰਪੁਰ ਨਾਲ ਲਗਦੀ ਇਕ ਅੱਠ ਏਕੜ ਚੌੜੇ ਪਾੜ ਵਾਲੀ ਕਈ ਕਿਲੋਮੀਟਰ ਵਿਚ ਲੰਮੀ ਇਕ ਵਿਸ਼ਾਲ ਨਦੀ ਕਿਸੇ ਸਮੇਂ ਸਾਰਾ ਸਾਲ ਵਹਿੰਦੀ ਹੁੰਦੀ ਸੀ, ਹੁਣ ਇਹ ਸਾਰੀ ਦੀ ਸਾਰੀ ਖੇਤੀ ਵਿਚ ਤਬਦੀਲ ਹੋ ਚੁੱਕੀ ਹੈ। ਅਜਿਹੀਆਂ ਹੋਰ ਕਿੰਨੀਆਂ ਹੀ ਨਦੀਆਂ ਹਨ ਜਿਨ੍ਹਾਂ ਦੀ ਸ਼ਨਾਖਤ ਕਰਕੇ ਇਨ੍ਹਾਂ ਤੋਂ ਨਾਜਾਇਜ਼ ਕਬਜ਼ੇ ਛੁਡਵਾਉਣ ਦੀ ਲੋੜ ਹੈ। ਇਸੇ ਤਰ੍ਹਾਂ ਦਰਿਆਵਾਂ ਦੇ ਵਿਸ਼ਾਲ ਇਲਾਕਿਆਂ 'ਤੇ ਭੂ-ਮਾਫੀਆ ਨੇ ਹਜ਼ਾਰਾਂ ਏਕੜਾਂ 'ਤੇ ਕਬਜ਼ੇ ਕੀਤੇ ਹੋਏ, ਜਿਸ ਨਾਲ ਪਾਣੀ ਦਾ ਵਹਾਅ ਪ੍ਰਭਾਵਤ ਹੁੰਦਾ ਹੈ। ਬੇਸ਼ੱਕ ਬਰਸਾਤਾਂ ਦੇ ਪਾਣੀਆਂ ਦਾ ਸੰਤਾਪ ਵਿਕਸਿਤ ਮੁਲਕਾਂ ਦੇ ਲੋਕ ਵੀ ਭੋਗਦੇ ਹਨ। ਇਹ ਠੀਕ ਹੈ ਕਿ ਕੁਦਰਤੀ ਕਰੋਪੀਆਂ ਅੱਗੇ ਕਈ ਵਾਰ ਮਨੁੱਖ ਬੇਵੱਸ ਹੋ ਜਾਂਦਾ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਸਮੇਂ ਸਾਡੇ ਲੋਕ, ਜੋ ਹੜ੍ਹਾਂ ਦਾ ਸੰਤਾਪ ਭੋਗ ਰਹੇ ਹਨ, ਕੀ ਉਨ੍ਹਾਂ ਨੂੰ ਇਸ ਸੰਤਾਪ ਤੋਂ ਬਚਾਇਆ ਜਾ ਸਕਦਾ ਹੈ ? ਇਸ ਦਾ ਜਵਾਬ ਹੋਵੇਗਾ ਕਿ ਜੇਕਰ ਸਾਡੀਆਂ ਸਰਕਾਰਾਂ ਸੁਚੇਤ ਹੋਣ ਤਾਂ ਕਾਫੀ ਹੱਦ ਤੱਕ ਇਸ ਤਰ੍ਹਾਂ ਦੀ ਤਬਾਹੀ ਤੋਂ ਬਚਾਅ ਕੀਤਾ ਜਾ ਸਕਦਾ ਹੈ। ਹਰ ਸਾਲ ਮੌਨਸੂਨ ਦੀ ਆਮਦ ਤੋਂ ਪਹਿਲਾਂ ਜ਼ਰੂਰੀ ਕਦਮ ਚੁੱਕੇ ਜਾਣ। ਹਰ ਪਿੰਡ ਸ਼ਹਿਰ ਵਿਚ ਪਾਣੀ ਨੂੰ ਰੀਚਾਰਜ ਕਰਨ ਦੇ ਵਿਸ਼ਾਲ ਟਰੀਟਮੈਂਟ ਪਲਾਂਟ ਲਾਏ ਜਾਣ। ਇਸ ਲਈ ਜ਼ਰੂਰੀ ਹੈ ਕਿ ਵੱਖ-ਵੱਖ ਇਲਾਕਿਆਂ ਦੀ ਭੂਗੋਲਿਕ ਸਥਿਤੀ ਨੂੰ ਸਮਝਿਆ ਜਾਵੇ। ਹਰ ਪਿੰਡ, ਸ਼ਹਿਰ, ਨਗਰ ਦੇ ਪਾਣੀ ਦੀ ਨਿਕਾਸੀ ਕੁਦਰਤੀ ਵਹਾਅ ਅਨੁਸਾਰ ਕੀਤੀ ਜਾਵੇ।

ਮਨੁੱਖ ਦੀ ਕੁਦਰਤ ਦੇ ਕੰਮਾਂ ਵਿਚ ਹੱਦੋਂ ਵੱਧ ਦਖਲਅੰਦਾਜ਼ੀ ਨੇ ਮੌਸਮਾਂ ਦੇ ਵਿਹਾਰ ਵਿਚ ਵਿਗਾੜ ਪੈਦਾ ਕਰ ਦਿੱਤੇ ਹਨ। ਇਸ ਸਾਲ ਜਿਹੜੇ ਦਿਨਾਂ ਦੌਰਾਨ ਪੰਜਾਬ ਤੇ ਹੋਰ ਰਾਜਾਂ ਵਿਚ ਬਾਰਿਸ਼ਾਂ ਹੋਈਆਂ ਅਸਲ ਵਿਚ ਇਹ ਦਿਨ ਹਰ ਸਾਲ ਲੂੰਅ ਵਗਣ ਦੇ ਦਿਨ ਹੁੰਦੇ ਸਨ। ਮੌਸਮੀ ਚੱਕਰ ਬੇਪ੍ਰਤੀਤਾ ਹੋ ਰਿਹਾ ਹੈ। ਸਾਨੂੰ ਕੁਦਰਤ ਦਾ ਸਤਿਕਾਰ ਕਰਨਾ ਸਿੱਖਣਾ ਪਵੇਗਾ। ਸਾਨੂੰ ਯਾਦ ਰੱਖਣਾ ਹੋਵੇਗਾ ਕਿ ਕੁਦਰਤ ਨਾਲ ਕੀਤਾ ਖਿਲਵਾੜ ਭਵਿੱਖ ਵਿਚ ਸਾਨੂੰ ਹੋਰ ਮਹਿੰਗਾ ਪਵੇਗਾ।



ਇਹ ਸਮੱਸਿਆ ਅਗਸਤ-ਸਤੰਬਰ ਵਿਚ ਫੈਲਦੀ ਹੈ। ਇਨ੍ਹਾਂ ਮਹੀਨਿਆਂ ਵਿਚ ਸਹੀ ਸਮੇਂ ’ਤੇ ਬੀਜਿਆ ਨਰਮਾ ਫੁੱਲ ਤੇ ਟਿੰਡੇ ਬਣਨ ਦੀ ਸਟੇਜ ’ਤੇ ਹੁੰਦਾ ਹੈ। ਪੌਦੇ ਦੇ ਪੱਤੇ ਮੁਰਝਾ ਜਾਂਦੇ ਹਨ ਅਤੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਸੁੱਕੇ ਪੱਤੇ ਪੌਦੇ ਦੇ ਨਾਲ ਹੀ ਰਹਿੰਦੇ ਹਨ। ਪੱਤੇ ਸੁੱਕਣ ਕਰ ਕੇ ਪੌਦੇ ਆਪਣੀ ਖੁਰਾਕ ਨਹੀਂ ਬਣਾ ਸਕਦੇ ਅਤੇ ਟਿੰਡੇ ਦਾ ਪੂਰਾ ਆਕਾਰ ਬਣਨ ਤੋਂ ਪਹਿਲਾਂ ਹੀ ਖਿੜ ਜਾਂਦੇ ਹਨ।

# ਨਰਮਾ ਮੁਰਝਾਉਣ ਦੀ ਸਮੱਸਿਆ ਅਤੇ ਬਚਾਉ ਲਈ ਨੁਕਤੇ

ਸੁਨਾਇਣਾ, ਸੰਦੀਪ ਰਹੇਜਾ, ਮਨਪ੍ਰੀਤ ਸਿੰਘ,
ਡਾ. ਜੇ. ਸੀ. ਬਖਸ਼ੀ, ਖੇਤਰੀ ਖੋਜ ਕੇਂਦਰ, ਅਬੋਹਰ।

ਫਾਜ਼ਿਲਕਾ ਜ਼ਿਲ੍ਹੇ ਵਿਚ ਪਿਛਲੇ 3-4 ਸਾਲਾਂ ਤੋਂ ਨਰਮੇ ਦੀ ਫਸਲ ਅਚਾਨਕ ਸੁੱਕਣ ਦੀ ਸਮੱਸਿਆ ਦੇਖੀ ਗਈ ਹੈ। ਇਹ ਸਮੱਸਿਆ ਇਸ ਇਲਾਕੇ ਵਿਚ ਪਿਛਲੇ ਦੋ ਸਾਲਾਂ ਦੌਰਾਨ 20 ਤੋਂ ਜ਼ਿਆਦਾ ਪਿੰਡਾਂ ਵਿਚ ਪ੍ਰਭਾਵ ਦਿਖਾ ਚੁੱਕੀ ਹੈ। ਇਸ ਕਰ ਕੇ ਨਰਮੇ ਦੀ ਉਪਜ ਵਿਚ ਲਗਭਗ 40 ਫੀਸਦੀ ਤੱਕ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਗਿਆ ਸੀ। ਇਹ ਸਮੱਸਿਆ ਸਿਰਫ ਫਾਜ਼ਿਲਕਾ ਜ਼ਿਲ੍ਹੇ ਦੀ ਨਹੀਂ ਬਲਕਿ ਨਰਮਾ ਬੀਜਣ ਵਾਲੇ ਹੋਰ ਜ਼ਿਲ੍ਹਿਆਂ ਜਿਵੇਂ ਬਠਿੰਡਾ ਅਤੇ ਮੁਕਤਸਰ ਵਿਚ ਵੀ ਆਉਂਦੀ ਹੈ। ਬੀ ਟੀ ਨਰਮੇ ਦੀ ਕਾਸ਼ਤ ਭਾਵੇਂ ਪੀ ਐਚ 6-8 ਵਾਲੀ ਹਰ ਕਿਸਮ ਦੀ ਮਿੱਟੀ ਵਿਚ ਕੀਤੀ ਜਾ ਸਕਦੀ ਹੈ ਜੋ ਚੰਗੀ ਜਲ ਨਿਕਾਸ ਵਾਲੀ ਅਤੇ ਵਧੀਆ ਉਪਜਾਊ ਸ਼ਕਤੀ ਵਾਲੀ ਹੋਵੇ ਪਰ ਰੇਤਲੀ ਜਾਂ ਖਾਰੀ ਭੂਮੀ ਬੀ ਟੀ ਹਾਈਬ੍ਰਿਡ ਨਰਮੇ ਲਈ ਠੀਕ ਨਹੀਂ। ਵਧੇਰੇ ਝਾੜ ਵਾਲੇ ਬੀ ਟੀ ਹਾਈਬ੍ਰਿਡ ਨੂੰ ਜ਼ਿਆਦਾ ਖੁਰਾਕੀ ਤੱਤਾਂ ਦੀ ਲੋੜ ਹੁੰਦੀ ਹੈ।

ਅਗਸਤ ਅਤੇ ਸਤੰਬਰ ਵਿਚ ਨਰਮੇ ਦੀ ਫਸਲ ਮੁਰਝਾਉਣਾ ਸਮੱਸਿਆ ਬਣ ਰਹੀ ਹੈ। ਖੇਤਰੀ ਖੋਜ ਕੇਂਦਰ ਅਬੋਹਰ, ਬਠਿੰਡਾ ਤੇ ਫਰੀਦਕੋਟ ਦੇ ਸਾਇੰਸਦਾਨਾਂ ਦੇ ਪਿਛਲੇ ਸਾਲ ਕੀਤੇ ਸਰਵੇਖਣ ਅਨੁਸਾਰ ਇਸ ਦੇ ਬੀ ਟੀ ਹਾਈਬ੍ਰਿਡ, ਜੈਵਿਕ ਅਤੇ ਕਈ ਗੈਰ-ਜੈਵਿਕ ਕਾਰਨ ਹੋ ਸਕਦੇ ਹਨ। ਇਹ ਸਮੱਸਿਆ ਭਾਵੇਂ ਸਿੰਜਾਈ ਜਾਂ ਮੀਂਹ ਤੋਂ ਬਾਅਦ ਫੈਲਦੀ ਹੈ ਪਰ ਇਹ ਪੈਰਾਵਿਲਟ ਤੋਂ ਅਲੱਗ ਹੈ ਜੋ ਲੰਮੇ ਸੋਕੇ ਤੋਂ ਮਗਰੋਂ ਭਰਵਾਂ ਪਾਣੀ ਲੱਗਣ ਜਾਂ ਭਾਰੀ ਮੀਂਹ ਪੈਣ ਕਰ ਕੇ ਹੁੰਦੀ ਹੈ। ਪੈਰਾਵਿਲਟ ਤੋਂ ਅਲੱਗ ਇਹ ਸਮੱਸਿਆ ਦੋਰੀਆਂ ਵਿਚ ਆਉਂਦੀ ਹੈ ਤੇ ਸਾਰਾ ਖੇਤ ਵੀ ਇਸ ਦੀ ਮਾਰ ਹੇਠ ਆ ਸਕਦਾ ਹੈ। ਪੈਰਾਵਿਲਟ ਲਈ ਸਿਫਾਰਸ਼ ਕੋਬਾਲਟ ਕਲੋਰਾਈਡ ਦੀ ਸਪਰੇਅ ਦਾ ਇਸ ਉੱਪਰ ਅਸਰ ਨਹੀਂ ਹੁੰਦਾ।



## ਲੱਛਣ

ਇਹ ਸਮੱਸਿਆ ਅਗਸਤ ਸਤੰਬਰ ਵਿਚ ਫੈਲਦੀ ਹੈ। ਇਨ੍ਹਾਂ ਮਹੀਨਿਆਂ ਵਿਚ ਸਹੀ ਸਮੇਂ ‘ਤੇ ਬੀਜਿਆ ਨਰਮਾ ਫੁੱਲ ਤੇ ਟਿੰਡੇ ਬਣਨ ਦੀ ਸਟੇਜ ‘ਤੇ ਹੁੰਦਾ ਹੈ। ਪੌਦੇ ਦੇ ਪੱਤੇ ਮੁਰਝਾ ਜਾਂਦੇ ਹਨ ਅਤੇ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਸੁੱਕੇ ਪੱਤੇ ਪੌਦੇ ਦੇ ਨਾਲ ਹੀ ਰਹਿੰਦੇ ਹਨ। ਪੱਤੇ ਸੁੱਕਣ ਕਰ ਕੇ ਪੌਦੇ ਆਪਣੀ ਖੁਰਾਕ ਨਹੀਂ ਬਣਾ ਸਕਦੇ ਅਤੇ ਟਿੰਡੇ ਦਾ ਪੂਰਾ ਆਕਾਰ ਬਣਨ ਤੋਂ ਪਹਿਲਾਂ ਹੀ ਖਿੜ ਜਾਂਦੇ ਹਨ।

**ਪੌਦੇ ਮੁਰਝਾਉਣ ਦੇ ਕਾਰਨ :** ਬਹੁਤੇ ਬੀ ਟੀ ਹਾਈਬ੍ਰਿਡ ਜ਼ਿਆਦਾ ਖੁਰਾਕ ਦੀ ਮੰਗ ਵਾਲੇ ਹੁੰਦੇ ਹਨ ਅਤੇ ਇਸੇ ਕਰ ਕੇ ਮਾੜੀਆਂ ਜ਼ਮੀਨਾਂ ਵਿਚ ਇਨ੍ਹਾਂ ਦੀ ਕਾਸ਼ਤ ਪੱਤੇ ਮੁਰਝਾਉਣ ਅਤੇ ਸੁੱਕਣ ਦਾ ਕਾਰਨ ਹੋ ਸਕਦਾ ਹੈ। ਇਸ ਕਿਸਮ ਦੀ ਸਮੱਸਿਆ ਘੱਟ ਉਪਜਾਊ ਸ਼ਕਤੀ ਵਾਲੀ ਜ਼ਮੀਨ ਜਾਂ ਜਿੱਥੇ ਨਰਮੇ ਨੂੰ ਘੱਟ ਖੁਰਾਕੀ ਤੱਤ ਪਾਏ ਹੋਣ, ਆਉਣ ਦਾ ਆਸਾਰ ਹੁੰਦੇ ਹਨ।

ਨਰਮਾ ਸੁੱਕਣ ਦੀ ਸਮੱਸਿਆ ਕਈ ਕਾਰਨਾਂ ਕਰ ਕੇ ਹੋ ਸਕਦੀ ਹੈ। ਸਭ ਤੋਂ ਵੱਡਾ ਕਾਰਨ ਫੁੱਲ ਡੋਡੀਆਂ ਅਤੇ ਟਿੰਡਿਆਂ ਦਾ ਫਸਲ ਦੀ ਖੁਰਾਕੀ ਤੱਤਾਂ ਦੀ ਲੋੜ ‘ਤੇ ਦਬਾਅ ਹੈ। ਬੂਟੇ ਮੁਰਝਾਉਣ ਦੀ ਸਮੱਸਿਆ ਉਨ੍ਹਾਂ ਬੀ ਟੀ ਹਾਈਬ੍ਰਿਡ ਕਿਸਮਾਂ ਵਿਚ ਜ਼ਿਆਦਾ ਦੇਖੀ ਗਈ ਹੈ ਜਿਹੜੇ ਇੱਕਦਮ ਫੁੱਲ ਚੁੱਕਦੇ ਹਨ। ਜ਼ਿਆਦਾ ਫੁੱਲ ਡੋਡੀ ਸੰਭਾਲਣ ਲਈ ਜ਼ਿਆਦਾ ਖੁਰਾਕ ਦੀ ਲੋੜ ਹੁੰਦੀ ਹੈ ਜਿਸ ਦੀ ਪੂਰਤੀ ਰੇਤਲੀ ਜਾਂ ਮਾੜੀ ਜ਼ਮੀਨ ਤੋਂ ਨਹੀਂ ਹੋ ਸਕਦੀ। ਕਈ ਕਿਸਾਨ ਪੋਟਾਸ਼ੀਅਮ ਨਾਈਟ੍ਰੇਟ ਅਤੇ ਮੈਗਨੀਸ਼ੀਅਮ ਸਲਫੇਟ ਦੀ ਸਪਰੇਅ ਸਮੇਂ ਸਿਰ ਜਾਂ ਪੂਰੀ ਮਾਤਰਾ ਵਿਚ ਕਰਨ ਤੋਂ ਰਹਿ ਜਾਂਦੇ ਹਨ। ਜ਼ਿਆਦਾਤਰ ਕਿਸਾਨ ਪੋਟਾਸ਼ੀਅਮ ਨਾਈਟ੍ਰੇਟ ਦੀਆਂ ਚਾਰ ਸਪਰੇਆਂ ਦੀ ਬਜਾਇ 2-3 ਸਪਰੇਆਂ ਕਰਦੇ ਹਨ, ਉਹ ਵੀ ਫੁੱਲ ਪੈਣ ‘ਤੇ ਸ਼ੁਰੂ ਕਰਨ ਦੀ ਬਜਾਇ, ਟਿੰਡੇ ਬਣਨ ਵੇਲੇ ਜਾਂ ਟਿੰਡਿਆਂ ਦੇ ਖਿੜਾਅ ਵੇਲੇ ਕਰਦੇ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਿਫਾਰਸ਼ ਮੁਤਾਬਿਕ ਰੇਤਲੇ ਜਾਂ ਘੱਟ ਜੈਵਿਕ ਮਾਦੇ ਵਾਲੇ ਖੇਤਾਂ ਵਿਚ ਨਰਮੇ ਨੂੰ 25 ਫੀਸਦੀ ਜ਼ਿਆਦਾ ਯੂਰੀਆ ਪਾਉਣੀ ਚਾਹੀਦੀ ਹੈ ਪਰ ਕਿਸਾਨ ਯੂਰੀਆ ਦੀ ਵਾਧੂ ਮਾਤਰਾ ਪਾਉਣ ਦੀ ਬਜਾਇ ਨਰਮੇ ਨੂੰ ਆਮ ਸਿਫਾਰਸ਼ ਨਾਲੋਂ ਵੀ ਘੱਟ ਪਾਉਂਦੇ ਹਨ। ਇਹ ਸਾਰੇ ਕਾਰਨਾਂ ਕਰਕੇ ਫਸਲ ਦੀ ਸਿਹਤ ਮਾੜੀ ਰਹਿੰਦੀ ਹੈ। ਕਈ ਵਾਰ ਖੇਤਾਂ ਵਿਚ ਪਾਏ ਜਾਣ ਵਾਲੇ ਕਮਜ਼ੋਰ ਉੱਲੀ ਦੇ ਕਣ ਵੀ ਨਰਮੇ ਦੇ ਬੂਟਿਆਂ ‘ਤੇ ਹਮਲਾ ਕਰ ਦਿੰਦੇ ਹਨ। ਇਸ ਕਰਕੇ ਨਰਮੇ ਦੇ ਬੂਟਿਆਂ ਵਿਚਲੇ ਮਾਦੇ ਵਿਚ ਕਾਲੀਆਂ-ਭੂਰੀਆਂ ਧਾਰੀਆਂ ਪੈ ਜਾਂਦੀਆਂ ਹਨ। ਇਸ ਨਾਲ ਵੀ ਨਰਮੇ ਦੇ ਬੂਟੇ ਮੁਰਝਾਉਣੇ ਸ਼ੁਰੂ ਹੋ ਜਾਂਦੇ ਹਨ।

## ਨਰਮਾ ਸੁੱਕਣ ਤੋਂ ਬਚਾਅ ਕਿਵੇਂ ਕਰੀਏ

ਬੀ ਟੀ ਹਾਈਬ੍ਰਿਡ ਦੀ ਚੋਣ : ਹਲਕੀਆਂ ਜ਼ਮੀਨਾਂ ਵਿਚ ਕਿਸਾਨਾਂ ਨੂੰ ਅਜਿਹੇ ਹਾਈਬ੍ਰਿਡਾਂ ਦੀ ਕਾਸ਼ਤ ਨਹੀਂ ਕਰਨੀ ਚਾਹੀਦੀ ਜਿਹੜੇ ਇਕਦਮ ਫੁੱਲ ਚੁੱਕਦੇ ਹਨ ਕਿਉਂਕਿ ਇਨ੍ਹਾਂ ਦੀ ਖੁਰਾਕੀ ਤੱਤਾਂ ਦੀ ਲੋੜ ਇਕਦਮ ਵੱਧ ਜਾਂਦੀ ਹੈ, ਜਿਸ ਦੀ ਪੂਰਤੀ ਜ਼ਮੀਨ ਵਿਚੋਂ ਨਹੀਂ ਹੋ ਸਕਦੀ। ਅਜਿਹੇ ਹਾਈਬ੍ਰਿਡ ਇਸ ਸਮੱਸਿਆ ਲਈ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ। ਇਨ੍ਹਾਂ ਦੀ ਬਜਾਇ ਅਜਿਹੇ ਬੀ ਟੀ ਹਾਈਬ੍ਰਿਡ ਦੀ ਚੋਣ ਕਰਨੀ ਚਾਹੀਦੀ ਹੈ ਜੋ ਇਕਸਾਰ ਫੁੱਲ ਚੁੱਕਦੇ ਹਨ ਅਤੇ ਇਕਸਾਰ ਚੁਗਾਈ ਯੋਗ ਨਰਮਾ ਦਿੰਦੇ ਹਨ।

## ਖਾਦਾਂ ਦੀ ਵਰਤੋਂ

ਪੋਟਾਸ਼ੀਅਮ ਖਾਦ (ਐਮ ਓ ਪੀ 20 ਕਿਲੋ/ਏਕੜ), ਜ਼ਿੰਕ ਸਲਫੇਟ 10 ਕਿਲੋ/ਏਕੜ ਨਰਮੇ ਦੀ ਬਿਜਾਈ ਤੋਂ ਪਹਿਲਾਂ ਪਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ 20 ਕਿਲੋ/ਏਕੜ ਦੀ ਖੁਰਾਕ ਹਲਕੀ ਜ਼ਮੀਨਾਂ ਵਿਚ ਨਰਮੇ ਦੀ ਬਿਜਾਈ ਤੋਂ ਪਹਿਲਾਂ ਪਾਉਣੀ ਚਾਹੀਦੀ ਹੈ। ਇਸ ਤੋਂ ਬਾਅਦ 90 ਕਿਲੋ ਯੂਰੀਆ ਪ੍ਰਤੀ ਏਕੜ ਦੇ ਬਰਾਬਰ ਕਿਸ਼ਤਾਂ ਵਿਚ ਪਾ ਦੇਣੀ ਚਾਹੀਦੀ ਹੈ, ਪਹਿਲੀ ਕਿਸ਼ਤ ਪਹਿਲੇ ਪਾਣੀ ਤੋਂ ਬਾਅਦ ਅਤੇ ਦੂਜੀ ਕਿਸ਼ਤ ਫੁੱਲ ਪੈਣ ‘ਤੇ ਪਾਉਣੀ ਚਾਹੀਦੀ ਹੈ। ਹਲਕੀਆਂ / ਰੇਤਲੀਆਂ ਜ਼ਮੀਨਾਂ ਵਿਚ ਇਹ ਖਾਦ 3 ਜਾਂ 4 ਕਿਸ਼ਤਾਂ ਵਿਚ ਪਾਈ ਜਾ ਸਕਦੀ ਹੈ।

*ਬਾਕੀ ਸਫਾ 6 ’ਤੇ*



ਭੁੱਲ ਚੁੱਕੇ ਅਨਮੋਲ ਖਜ਼ਾਨੇ

# ਚਿੱਬੜ ਫਲ ਅਤੇ ਅੰਜੀਰ

ਵੈਦ ਬੀ. ਕੇ ਸਿੰਘ, ਪਿੰਡ ਜੈ ਸਿੰਘ ਵਾਲਾ (ਮੋਗਾ) ਮੋ. 98726-10005

ਜਦੋਂ ਦੀਆਂ ਆਪਾਂ ਪੁਰਾਣੀਆਂ ਚੀਜ਼ਾਂ ਆਪਣੀਆਂ ਖੁਰਾਕਾਂ ਤੋਂ ਬਾਹਰ ਕੱਢੀਆਂ ਹਨ । ਆਪਣੀ ਸਿਹਤ ਦਾ ਸਤਿਆਨਾਸ ਹੋਣਾ ਸ਼ੁਰੂ ਹੋ ਗਿਆ ਹੈ । ਕਿਉਂਕਿ ਵਿਦੇਸ਼ੀ ਕੰਪਨੀਆਂ ਨੇ ਆਪਾਂ ਨੂੰ ਨਵੇਂ-2 ਸੁਆਦ ਦਿਖਾ-ਦਿਖਾ ਕੇ, ਸਿਹਤ ਨਾਲ ਭਰਪੂਰ ਰਸਤੇ ਤੋਂ ਭਟਕਾ ਦਿੱਤਾ ਹੈ । ਅੱਜ ਦਾ ਇਨਸਾਨ ਜੀਭ ਦੇ ਸੁਆਦ ਦੇ ਲਾਲਚ ਵੱਸ ਪੈ ਕੇ ਨਵੀਂ ਤੋਂ ਨਵੀਂ ਬੀਮਾਰੀ ਨੂੰ ਆਪਣੇ ਘਰ ਦਾ ਰਸਤਾ ਦਿਖਾ ਰਿਹਾ ਹੈ । ਬੇਅੱਕਲ ਇਨਸਾਨ ਖਾਣ ਵੇਲੇ ਸੋਚ ਰਿਹਾ ਹੈ ਕਿ ਖਾਣ ਦਾ ਸੁਆਦ ਆਉਣਾ ਚਾਹੀਦਾ ਹੈ, ਭਾਵੇਂ ਬੀਮਾਰੀਆਂ ਲੱਗ-ਲੱਗ, ਜਾਨ ਹੀ ਕਿਉਂ ਨਾ ਚਲੀ ਜਾਵੇ । ਮੁਕਦੀ ਗੱਲ ਆਪਾਂ ਨੂੰ ਆਪਣਾ ਸਰੀਰ ਰੋਗ ਮੁਕਤ ਕਰਨਾ ਹੈ, ਤਾਂ ਪੁਰਾਤਨ ਚੀਜ਼ਾਂ ਨੂੰ ਅਪਣਾਉਣਾ ਪਵੇਗਾ । ਇਹ ਚੀਜ਼ਾਂ ਤੁਹਾਨੂੰ ਰੋਗਾਂ ਤੋਂ ਵੀ ਬਚਾ ਕੇ ਰੱਖਣਗੀਆਂ ਅਤੇ ਸਰੀਰ ਵੀ ਤੰਦਰੁਸਤ ਰਹੇਗਾ । ਉਹ ਚੀਜ਼ਾਂ ਨੂੰ ਆਪਾਂ ਭੁੱਲ ਗਏ ਹਾਂ, ਉਹ ਹਨ, ਅੰਜੀਰ ਫੱਲ ਅਤੇ ਚਿੱਬੜ । ਅੰਜੀਰ ਨੂੰ ਤਾਂ ਸਾਰੇ ਸ਼ਾਇਦ ਨਹੀਂ ਜਾਣਦੇ ਪਰ ਚਿੱਬੜ ਸਭ ਨੂੰ ਯਾਦ ਹੈ । ਚਿੱਬੜ ਦੀ ਚੱਟਣੀ, ਚਿੱਬੜ ਨੂੰ ਕਾਲਾ ਨਮਕ ਲਗਾ ਕੇ ਪਹਿਲਾਂ ਆਮ ਹੀ ਖਾਦਾ ਜਾਂਦਾ ਸੀ । ਅੰਜੀਰ ਅਤੇ ਚਿੱਬੜ ਦੇ ਹੈਰਾਨੀਜਨਕ ਫਾਇਦੇ ਅੱਜ ਤੁਸੀਂ ਪੜ੍ਹ ਕੇ ਇਨਾਂ ਨੂੰ ਜ਼ਰੂਰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਗੇ ।

### ਅੰਜੀਰ

ਇਸ ਪੌਦੇ ਦੇ ਪੱਤੇ ਪਾਨ ਦੇ ਪੱਤਿਆਂ ਵਰਗੇ ਹੁੰਦੇ ਹਨ । ਪਾਨ ਦਾ ਪੱਤਾ ਸਾਫ ਹੁੰਦਾ ਹੈ ਅਤੇ ਇਹਦਾ ਪੱਤਾ ਖੁਰਦਰਾ ਹੁੰਦਾ ਹੈ । ਫੱਲ ਗੋਲ ਅਤੇ



ਪੱਕਣ ਤੇ ਆਲੂ ਬੁਖਾਰੇ ਦੇ ਰੰਗ ਵਰਗਾ ਹੋ ਜਾਂਦਾ ਹੈ। ਇਹ ਆਮ ਹੀ ਲੁਧਿਆਣਾ, ਐਗਰੀਕਲਚਰ ਯੂਨੀਵਰਸਿਟੀ ਤੋਂ ਮਿਲ ਜਾਂਦਾ ਹੈ। ਘਰ ਲਾਇਆ ਫਲ ਤੁਹਾਡੇ ਬਹੁਤ ਪੈਸੇ ਬਚਾਏਗਾ ਕਿਉਕਿ ਇਸ ਦਾ ਸੁੱਕਾ ਫਲ ਬਾਜ਼ਾਰ ਵਿਚ 12-15 ਸੌ ਰੁਪਏ ਕਿਲੋ ਰੁਪਏ ਕਿਲੋ ਮਿਲਦਾ ਹੈ। ਇਸਨੂੰ ਗਰਮੀਆਂ 'ਚ ਫਲ ਲੱਗਦੇ ਹਨ । ਪੌਸ਼ਟਿਕ ਤੱਤਾਂ ਨਾਲ ਭਰਪੂਰ ਹੁੰਦਾ ਹੈ । ਅੰਜੀਰ 'ਚ ਇੱਕ ਜ਼ਰੂਰੀ ਅੰਜ਼ਾਇਮ ਪਾਇਆ ਜਾਂਦਾ ਹੈ । ਜੋ ਕੈਂਸਰ ਵਿਰੋਧੀ ਹੁੰਦਾ ਹੈ । ਸਰੀਰ ਵਿੱਚ ਜੇ ਕਿਸੇ ਕੈਂਸਰ ਦੇ ਸੈੱਲ ਪੈਦਾ ਹੋ ਰਹੇ ਹੋਣ ਤਾਂ ਉਨ੍ਹਾਂ ਨੂੰ ਖਤਮ ਕਰਦਾ ਹੈ । ਇਸ ਦੇ ਸੇਵਨ ਨਾਲ ਆਪਾਂ ਕੈਂਸਰ ਤੋਂ ਬਚ ਸਕਦੇ ਹਾਂ। ਸ਼ੂਗਰ ਦਾ ਮਰੀਜ਼ ਵੀ ਇਸ ਨੂੰ ਵਰਤ ਸਕਦਾ ਹੈ । ਇਸ ਦੇ ਪੱਤੇ ਸ਼ੂਗਰ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਇਸ ਦੇ ਪੱਤਿਆਂ ਦੀ ਚਾਹ ਬਣਾ ਕੇ ਪੀ ਸਕਦੇ ਹਾਂ । ਇਸ 'ਚ ਫਾਇਬਰ ਬਹੁਤ ਹੁੰਦਾ ਹੈ । ਫਾਇਬਰ ਕਬਜ਼ ਨਹੀਂ ਹੋਣ ਦਿੰਦਾ। ਪੇਟ ਦੀ ਪਾਚਨ ਸ਼ਕਤੀ ਵਧਾਉਂਦਾ ਹੈ। ਕਬਜ਼ ਦੇ ਰੋਗੀ ਇਸ ਦੇ ਸੁੱਕੇ ਫਲ ਨੂੰ ਦੁੱਧ 'ਚ ਉਬਾਲ ਕੇ ਪੀ ਸਕਦੇ ਹਨ । ਆਪਣੇ ਸਰੀਰ ਲਈ ਕੈਲਸ਼ੀਅਮ ਦੀ ਬਹੁਤ ਲੋੜ ਹੁੰਦੀ ਹੈ। ਹੱਡੀਆਂ ਦਾ ਕਮਜ਼ੋਰ ਹੋਣਾ, ਹੱਡੀਆਂ ਦਾ ਭੁਰਨਾ, ਹਾਰਮੋਨ ਦੀ ਗੜਬੜੀ, ਦੰਦਾਂ ਦੀ ਕਮਜ਼ੋਰੀ, ਬਲੱਡ ਪ੍ਰੈਸ਼ਰ ਵੱਧਣਾ, ਦਿਲ ਨਾਲ ਸਬੰਧਤ ਬੀਮਾਰੀਆਂ ਨਾਲ ਹਰ ਸਾਲ ਲੱਖਾਂ ਜਾਨਾਂ ਜਾਂਦੀਆਂ ਹਨ । ਇਸ ਵਿੱਚ ਫਲੇਵੋਨਾਇਡ ਅਤੇ ਪੋਟਾਸ਼ੀਅਮ ਹੁੰਦਾ ਹੈ । ਇਹ ਦੋਵੇਂ ਅਜਿਹੇ ਪੌਸ਼ਟਿਕ ਤੱਤ ਹਨ ਜੋ ਇਨਸਾਨ ਦੇ ਬਲੱਡ ਪ੍ਰੈਸ਼ਰ ਨੂੰ ਸਥਿਰ ਬਣਾਈ ਰੱਖਦੇ ਹਨ। ਮਰਦਾਂ 'ਚ ਸ਼ੁਕਰਾਣੂ ਘਾਟ ਅਤੇ ਮਰਦਾਨਾ ਤਾਕਤ 'ਚ ਵਾਧਾ ਕਰਦੇ ਹਨ । ਜਿੰਨ੍ਹਾਂ ਰੋਗੀਆਂ ਦੇ ਹੱਥ ਪੈਰ, ਸਿਰ ਆਪਣੇ ਆਪ ਹਿਲਦੇ ਰਹਿੰਦੇ ਹਨ । ਉਨ੍ਹਾਂ ਦੀ ਇਸ ਬੀਮਾਰੀ ਨੂੰ ਅੰਜੀਰ ਦਾ ਫਲ ਬਹੁਤ ਹੱਦ ਤੱਕ ਰੋਕ ਕੇ ਰੱਖਦਾ ਹੈ । ਇਸ ਫਲ ਦੇ ਬਹੁਤ ਫਾਇਦੇ ਹਨ । ਆਪਾਂ ਨੂੰ ਅਜਿਹੇ ਫਲਾਂ ਨੂੰ ਖੇਤਾਂ ਵਿੱਚ, ਖਾਲੀ ਥਾਂਵਾਂ ਤੇ ਲਾ ਕੇ ਆਪਣੇ ਸਰੀਰ ਨੂੰ ਰੋਗੀ ਹੋਣ ਤੋਂ ਬਚਾਉਣਾ ਚਾਹੀਦਾ ਹੈ । ਅੰਜੀਰ ਸਰੀਰ ਦੀ ਤਾਕਤ ਬਣਾ ਕੇ ਰੱਖਦਾ ਹੈ । ਜੇਕਰ ਸਰੀਰ ਨੂੰ ਲੋੜੀਂਦੀ ਖੁਰਾਕ ਮਿਲੇਗੀ ਤਾਂ ਸਰੀਰ ਕਿਸੇ ਵੀ ਹਾਲਤ ਵਿੱਚ ਰੋਗੀ ਨਹੀਂ ਬਣ ਸਕਦਾ ।

### ਚਿੱਬੜ

ਪਿਛਲੇ ਲੰਘ ਚੁੱਕੇ ਸਮੇਂ ਵਿੱਚ ਚਿੱਬੜ ਲੋਕੀਂ ਬੜੇ ਚਾਅ ਨਾਲ ਖਾਂਦੇ ਸਨ । ਉਦੋਂ ਬੱਚੇ ਵੀ ਖੇਤਾਂ 'ਚੋਂ ਪੱਕੇ ਚਿੱਬੜ ਬੜੇ ਚਾਅ ਨਾਲ ਖਾਂਦੇ ਸਨ । ਇੱਥੇ ਗੌਰ ਕਰਨ ਵਾਲੀ ਗੱਲ ਹੈ ਕਿ ਉਦੋਂ ਇਹ ਕੁਦਰਤੀ ਚੀਜ਼ਾਂ ਲੋਕਾਂ ਨੂੰ ਬੀਮਾਰ ਹੋਣ ਨਹੀਂ ਦਿੰਦੀਆਂ ਸਨ । ਉਦੋਂ ਅਜਿਹੀਆਂ ਹੋਰ ਵੀ ਕੁਦਰਤੀ ਚੀਜ਼ਾਂ ਮੁਫਤ 'ਚ ਮਿਲ ਜਾਂਦੀਆਂ ਸਨ, ਜੋ ਸਿਹਤਮੰਦ ਵੀ ਸਨ ਅਤੇ ਵਾਧੂ ਪੈਸਾ ਵੀ ਖਰਚ ਨਹੀਂ ਹੁੰਦਾ ਸੀ । ਹੁਣ ਤਾਂ ਬੇਮੌਸਮੀ ਅਤੇ ਮਸਾਲਿਆਂ ਨਾਲ ਪਕਾਏ ਫਲ ਵੀ ਮਹਿੰਗੇ ਮਿਲਦੇ ਹਨ ਅਤੇ ਸਿਹਤ ਦਾ ਵੀ ਸਤਿਆਨਾਸ ਕਰਦੇ ਹਨ । ਚਿੱਬੜ ਮਹਿੰਗੇ ਫਲਾਂ, ਮਹਿੰਗੇ ਡਰਾਈ ਫਰੂਟ ਤੋਂ ਕਿਤੇ ਜ਼ਿਆਦਾ ਸਿਹਤਮੰਦ ਹੈ । ਚਿੱਬੜ ਵਿੱਚ ਅਨੇਕਾਂ ਫਾਇਟੋਨਿਊਟਰੀਐਂਟਸ ਹੁੰਦੇ ਹਨ ਜੋ ਆਪਾਂ ਨੂੰ ਬਹੁਤ ਰੋਗਾਂ ਤੋਂ ਬਚਾਉਂਦੇ ਹਨ । ਇਹ ਖੂਨ ਵਿੱਚ ਵੱਧੀ ਹੋਈ ਗੁਲੂਕੋਜ਼ ਦੇ ਹਾਜ਼ਮੇ, ਇੰਨਸੂਲਿਨ ਬਣਨ, ਰੈਟਿਨੋਪੈਥੀ ਅਤੇ ਸ਼ੂਗਰ ਰੋਗ ਦੌਰਾਨ ਬਣਨ ਵਾਲੇ ਵੈਸਕੂਲਰ ਡਿਸਫੈਕਸ਼ਨ ਆਦਿ ਤੋਂ ਬਚਾਉਣ ਵਿੱਚ ਮਦਦ ਕਰਦੇ ਹਨ । ਅਸਲ ਵਿਚ ਗੁਲੂਕੋਜ਼ ਨੂੰ ਹਜ਼ਮ ਕਰਨ ਲਈ ਸਰੀਰ ਅਨੇਕਾਂ ਮਲਟੀਪਲ, ਬਾਇਉਲੋਜੀਕਲ ਐਕਟੀਵਿਟੀਜ਼ ਹੁੰਦੀਆਂ ਹਨ । ਇਨ੍ਹਾਂ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਚਿੱਬੜ ਵਿੱਚ ਪੰਜ ਤੱਤ ਮੌਜੂਦ ਹਨ । ਇਹ ਤੱਤ ਹਾਰਮੋਨ ਬਣਾਉਣ ਅਤੇ ਹਾਰਮੋਨ ਨੂੰ ਸਹੀ ਮਿਕਦਾਰ 'ਚ ਰੱਖਣ ਵਿੱਚ ਮਦਦ ਕਰਦੇ ਹਨ । ਸੇਬ ਦੇ ਛਿੱਲਕੇ



ਵਿੱਚ ਥੋੜੀ ਮਾਤਰਾ ਵਿੱਚ ਹੀ ਇਸ ਦਾ ਮੌਜੂਦਾ ਤੱਤ Ursolic Acid ਹੁੰਦਾ ਹੈ। ਜਿਸ ਕਾਰਣ ਸੇਬ ਕੈਂਸਰ ਤੋਂ ਬਚਾਉ ਕਰਦਾ ਹੈ । ਮਾਸਪੇਸ਼ੀਆਂ ਦਾ ਵਿਕਾਸ ਕਰਦਾ ਹੈ ਪਰ ਫਾਲਤੂ ਚਰਬੀ ਘਟਾਉਂਦਾ ਹੈ। ਇਸ ਦੇ ਉਲਟ ਇੱਕ ਚਿੱਬੜ ਵਿੱਚ ਫਾਇਟੋਕੈਮੀਕਲ ਬਹੁਤ ਜ਼ਿਆਦਾ ਹੁੰਦਾ ਹੈ । ਜਿੰਨਾ ਆਪਾਂ ਨੂੰ 2 ਕਿਲੋ ਸੇਬ ਵਿੱਚੋਂ ਮਿਲੇਗਾ । ਵਿਗਿਆਨਕ ਪੜਤਾਲ ਕਰਨ ਤੋਂ ਪਤਾ ਲੱਗਾ ਹੈ ਕਿ Ursolic Acid ਰੋਜ਼ਾਨਾ ਹਰ ਖਾਣੇ ਵਿਚ 150 mg ਹੋਣਾ ਚਾਹੀਦਾ ਹੈ । ਇੱਕ ਛੋਟੇ ਚਿੱਬੜ ਵਿੱਚ ਹੀ ਇਹ 225 ਮਿਲੀਗ੍ਰਾਮ ਹੁੰਦਾ ਹੈ। ਇਹ ਮਰਦ ਅਤੇ ਔਰਤਾਂ ਦੇ ਹਾਰਮੋਨਜ਼ ਨੂੰ ਵੀ ਸਹੀ ਰਿਸਣ ਲਾਉਂਦਾ ਹੈ। ਜਿਹੜੀਆਂ ਔਰਤਾਂ ਚਿੱਬੜ ਜ਼ਿਆਦਾ ਖਾਣਗੀਆਂ ਉਨ੍ਹਾਂ ਨੂੰ ਗੁਪਤ ਰੋਗ ਬਹੁਤ ਘੱਟ ਹੋਣਗੇ, ਜਿਵੇਂ ਚਿੱਟਾ ਪਾਣੀ ਪੈਣਾ, ਬੱਚੇਦਾਨੀ ਦਾ ਕੈਂਸਰ, ਛਾਤੀਆਂ ਦਾ ਵਿਕਾਸ ਨਾ ਹੋਣਾ, ਅੰਡਾ ਨਾ ਬਣਨਾ, ਮਹੀਨਾ ਘੱਟ-ਵੱਧ ਆਉਣਾ, ਗਰਭ ਨਾ ਠਹਿਰਣਾ, ਅਣਚਾਹੇ ਵਾਲ, ਵਾਲਾਂ ਦਾ ਝੜਨਾ, ਕਿੱਲ ਮੁਹਾਸੇ, ਪੇਸ਼ਾਬ ਰੋਗ, ਚਮੜੀ ਖਰਾਬ ਹੋਣਾ ਆਦਿ ਬੀਮਾਰੀਆਂ ਨਹੀਂ ਹੁੰਦੀਆਂ । ਮਰਦਾਂ ਨੂੰ ਕਈ ਗੁਪਤ ਰੋਗਾਂ ਤੋਂ ਬਚਾਅ ਰਹਿੰਦਾ ਹੈ । ਕਿਉਕਿ ਇਹ ਬਹੁਤ ਪੌਸ਼ਟਿਕ ਹੁੰਦਾ ਹੈ । ਸਿਹਤ ਵਿੱਚ ਬਹੁਤ ਸੁਧਾਰ ਕਰਦਾ ਹੈ । ਕੈਂਸਰ, ਰਸੌਲੀ, ਗੰਢ, ਗਿਲਟੀ ਅਤੇ ਸਰੀਰ ਦੀ ਹਰ ਤਰ੍ਹਾਂ ਦੀ ਇੰਨਫੈਕਸ਼ਨ ਨੂੰ ਹੋਣ ਨਹੀਂ ਦਿੰਦਾ । ਇਸ ਦੀ ਚਟਣੀ ਖਾਣ ਨਾਲ ਹਾਜ਼ਮਾ ਬਹੁਤ ਵਧੀਆ ਹੋ ਜਾਂਦਾ ਹੈ । ਜਿਵੇਂ ਕਿ ਪੇਟ ਗੈਸ, ਪੇਟ ਦਾ ਭਾਰੀਪਣ, ਪੇਟ ਦਰਦ, ਪੇਟ ਦੇ ਕੀੜੇ, ਪੇਟ ਦੀ ਸੋਜ਼, ਮੂੰਹ ਦੀ ਬਦਬੂ, ਪੇਟ ਦਾ ਸਹੀ ਤਰ੍ਹਾਂ ਸਾਫ ਨਾ ਹੋਣਾ, ਖੁਰਾਕ ਨਾ ਲੱਗਣਾ, ਭੁੱਖ ਨਾ ਲੱਗਣਾ, ਖੂਨ ਦੀ ਘਾਟ, ਬੱਚਿਆਂ ਦੇ ਸਰੀਰ ਦਾ ਵਿਕਾਸ ਨਾ ਹੋਣਾ ਆਦਿ ਹੁੰਦੀਆਂ ਹੀ ਨਹੀਂ ਹਨ । ਇਹ ਰੋਗਾਂ ਨਾਲ ਲੜਨ ਦੀ ਸ਼ਕਤੀ ਵਧਾਉਂਦਾ ਹੈ । ਇਸ ਦੀ ਲਗਾਤਾਰ ਵਰਤੋਂ ਨਾਲ ਖੰਘ, ਜ਼ੁਕਾਮ, ਗਲੇ ਦੀ ਖਾਰਸ਼, ਅਲਰਜੀ, ਰੇਸ਼ਾ, ਸੁੱਕੀ ਖੰਘ ਆਦਿ ਨਹੀਂ ਹੁੰਦੇ । ਜੇਕਰ ਰੋਗ ਹੋ ਜਾਵੇ ਤਾਂ ਜਲਦੀ ਠੀਕ ਹੋ ਜਾਂਦੇ ਹਨ । ਬਹੁਤ ਗੁਣਕਾਰੀ ਹੈ ਚਿੱਬੜ । ਆਪਣੀ ਇਹ ਬਦਕਿਸਮਤੀ ਹੈ ਕਿ ਆਪਾਂ ਮੋਡਰਨ ਯੁੱਗ ਵਿੱਚ ਸੁਆਦਾਂ ਨੇ ਮਾਰ ਲਏ । ਜਲੇਬੀ, ਪਕੌੜੇ, ਨਿਊਡਲ, ਬਰਗਰ, ਪੀਜ਼ਾ, ਕੋਲਡ ਡਰਿੰਕ ਆਦਿ ਚੀਜ਼ਾਂ ਖਾ ਕੇ ਚੰਗੀ ਸਿਹਤ ਦੇ ਸੁਪਨੇ ਲੈ ਰਹੇ ਹਾਂ । ਮੈਂ ਇਸ ਲੇਖ ਨੂੰ ਪੰਜਾਬੀ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ । ਇਸ ਦੇ ਜ਼ਰੂਰੀ ਤੱਤ ਅੰਗਰੇਜ਼ੀ ਵਿੱਚ ਹਨ । ਮੈਂ ਚਾਹੁੰਦਾ ਹਾਂ ਕਿ ਆਪਾਂ ਵੱਧ ਤੋਂ ਵੱਧ ਪੰਜਾਬੀ ਵਿਚ ਸਮਝਾਉਣ ਦੀ ਕੋਸ਼ਿਸ਼ ਕਰੀਏ । ਸੋ ਚਿੱਬੜ ਨੂੰ ਆਪਾਂ ਸਾਰੇ ਭੁੱਲ ਗਏ ਹਾਂ। ਇਸ ਕੀਮਤੀ ਅਤੇ ਗੁਣਾਂ ਦੀ ਖਾਨ ਨੂੰ ਆਪਣੀ ਖੁਰਾਕ ਵਿੱਚ ਸ਼ਾਮਿਲ ਕਰਕੇ ਆਪਣੀ ਕੀਮਤੀ ਅਤੇ ਸੋਨੇ ਵਰਗੀ ਦੇਹ ਨੂੰ ਤੰਦਰੁਸਤ ਬਣਾਈਏ ।

ਬਾਕੀ ਸਫਾ 5 ਦੀ

## ਨਰਮਾ ਮੁਰਝਾਉਣ ਦੀ ਸਮੱਸਿਆ ਅਤੇ ਬਚਾਉ ਲਈ ਨੁਕਤੇ

**ਖੁਰਾਕੀ ਤੱਤਾਂ ਦੀ ਸਪਰੇਅ :** ਨਰਮੇ ਨੂੰ ਪੋਟਾਸ਼ੀਅਮ ਨਾਈਟ੍ਰੇਟ (13-0-45) 2 ਕਿਲੋ ਪ੍ਰਤੀ ਏਕੜ ਦੀ ਸਪਰੇਅ ਫੁੱਲ ਪੈਣ 'ਤੇ ਸ਼ੁਰੂ ਕਰ ਕੇ, ਇਸ ਦੀਆਂ ਚਾਰ ਸਪਰੇਆਂ 7-10 ਦਿਨਾਂ ਦੇ ਵਕਫੇ 'ਤੇ ਕਰਨੀ ਚਾਹੀਦੀ ਹੈ । ਬੀ ਟੀ ਨਰਮੇ ਵਿਚ ਫੁੱਲ ਪੈਣ ਦੀ ਅਵਸਥਾ



75-80 ਦਿਨਾਂ 'ਤੇ ਹੁੰਦੀ ਹੈ ਪਰ ਕਿਸਾਨ ਆਮ ਤੌਰ 'ਤੇ 13-0-45 ਦਾ ਸਪਰੇਅ 90-100 ਦਿਨਾਂ ਦੀ ਫਸਲ 'ਤੇ ਸ਼ੁਰੂ ਕਰਦੇ ਹਨ ਜਿਸ ਸਮੇਂ ਨਰਮਾ ਟਿੰਡਿਆਂ ਦੇ ਵਿਕਾਸ ਜਾਂ ਖਿੜਾਅ 'ਤੇ ਹੁੰਦਾ ਹੈ । ਦੇਰੀ ਨਾਲ ਸਪਰੇਅ ਕਰਨਾ ਅਤੇ ਘੱਟ ਮਾਤਰਾ ਵਿਚ ਸਪਰੇਅ ਕਰਨ ਨਾਲ 13-0-45 ਦਾ ਪੂਰਾ ਫਾਇਦਾ ਨਹੀਂ ਮਿਲਦਾ । ਸਹੀ ਸਮੇਂ ਅਤੇ ਪੂਰੀ ਮਾਤਰਾ ਵਿਚ ਕੀਤੇ ਸਪਰੇ, ਨਰਮੇ ਲਈ ਲਾਭਕਾਰੀ ਹੁੰਦੇ ਹਨ । ਇਸ ਤੋਂ ਇਲਾਵਾ ਮੈਗਨੀਸ਼ੀਅਮ ਸਲਫੇਟ 1 ਕਿੱਲੋ ਪ੍ਰਤੀ ਏਕੜ ਦੀਆਂ ਦੋ ਸਪਰੇਆਂ 15-20 ਦਿਨਾਂ ਦੇ ਵਕਫੇ 'ਤੇ ਕਰਨੀ ਚਾਹੀਦੀ ਹੈ । ਇਸ ਦੀ ਪਹਿਲੀ ਸਪਰੇਅ ਟਿੰਡਿਆਂ ਦੇ ਵਿਕਾਸ ਦੀ ਸਟੇਜ 'ਤੇ ਕਰਨੀ ਚਾਹੀਦੀ ਹੈ ਜੋ ਬਿਜਾਈ ਤੋਂ ਕਰੀਬ 90-100 ਦਿਨਾਂ 'ਤੇ ਆਉਂਦੀ ਹੈ । ਇਹ ਸਪਰੇਅ ਨਰਮੇ ਦੇ ਪੱਤਿਆਂ ਨੂੰ ਝੁਲਸਣ ਤੋਂ ਬਚਾਉਂਦੀ ਹੈ ਤੇ ਪੱਤਿਆਂ ਵਿਚ ਹਰਾ ਮਾਦਾ ਦੇਰ ਤੱਕ ਰਹਿੰਦਾ ਹੈ । ਜ਼ਿਆਦਾ ਬਾਰਸ਼ਾਂ ਪੈਣ ਦੀ ਸੂਰਤ ਵਿਚ ਕਈ ਵਾਰ ਨਾਈਟ੍ਰੋਜਨ ਦੀ ਘਾਟ ਕਾਰਨ ਵੀ ਪੱਤੇ ਪੀਲੇ ਪੈਂਦੇ ਹਨ । ਇਸ ਦਾ ਉਪਚਾਰ 2% ਯੂਰੀਆ ਦੀ ਸਪਰੇਅ (2 ਕਿਲੋ 100 ਲੀਟਰ ਪਾਣੀ ਵਿਚ) ਕਰ ਕੇ ਕੀਤਾ ਜਾ ਸਕਦਾ ਹੈ ।

**ਉੱਲੀਨਾਸ਼ਕ ਦੀ ਵਰਤੋਂ :** ਉੱਲੀ ਦੇ ਹਮਲੇ ਕਾਰਨ ਪੌਦਿਆਂ ਦੇ ਵਿਚਲੇ ਮਾਦੇ 'ਤੇ ਕਾਲੀਆਂ-ਭੂਰੀਆਂ ਧਾਰੀਆਂ ਨਜ਼ਰ ਆਉਂਦੀਆਂ ਹਨ । ਇਸ ਦੇ ਅੱਗੇ ਵਧਣ ਤੋਂ ਰੋਕਣ ਲਈ ਕਾਰਬੈਂਡਾਜ਼ਿਮ 2 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਨਰਮੇ ਦੇ ਪੌਦੇ ਦੀਆਂ ਜੜ੍ਹਾਂ ਦੀ ਡਰੈਚਿੰਗ ਕਰਨੀ ਚਾਹੀਦੀ ਹੈ । ਇਹ ਇਲਾਜ ਬਿਮਾਰੀ ਤੋਂ ਪ੍ਰਭਾਵਿਤ ਖੇਤਾਂ ਵਿੱਚ ਮੀਂਹ ਦੇ ਮੌਸਮ ਦੇ ਦੌਰਾਨ ਹਰ 15 ਦਿਨਾਂ 'ਤੇ ਕਰਨਾ ਚਾਹੀਦਾ ਹੈ । ਮਿੱਟੀ ਵਿਚ ਪਾਈ ਜਾਣ ਵਾਲੀ ਉੱਲੀ ਦੇ ਜਰਾਸੀਮਾਂ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ, ਸੋ ਕਿਸਾਨਾ ਨੂੰ ਅਜਿਹੇ ਬੀਟੀ ਹਾਈਬ੍ਰਿਡ ਇਨ੍ਹਾਂ ਖੇਤਾਂ ਵਿਚ ਬੀਜਣੇ ਚਾਹੀਦੇ ਹਨ ਜਿਹੜੇ ਇਸ ਸਮੱਸਿਆ ਲਈ ਸੰਵੇਦਨਸ਼ੀਲ ਨਾ ਹੋਣ ।



# ਕਿਸਾਨ ਭਰਾਵਾਂ ਲਈ ਇਨ੍ਹਾਂ ਦਿਨਾਂ ਦੇ ਖੇਤੀ ਰੁਝੇਵੇਂ

## ਝੋਨਾ

ਖੇਤ ਵਿਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ। ਪਨੀਰੀ ਲਾਉਣ ਪਿੱਛੋਂ 2 ਹਫਤੇ ਤੱਕ ਪਾਣੀ ਖੜ੍ਹਾ ਰੱਖੋ ਅਤੇ ਬਾਅਦ ਵਿਚ ਪਾਣੀ ਉਸ ਵੇਲੇ ਦਿਓ ਜਦੋਂ ਖੇਤ ਵਿੱਚੋਂ ਪਾਣੀ ਜਜ਼ਬ ਹੋਏ ਨੂੰ 2 ਦਿਨ ਹੋ ਗਏ ਹੋਣ। ਜਿਨ੍ਹਾਂ ਖੇਤਾਂ ਵਿਚ ਤਣੇ ਗੜੂੰਇਆਂ ਕਰਕੇ 5 ਪ੍ਰਤੀਸ਼ਤ ਤੋਂ ਵਧੇਰੇ ਸੁੱਕੀਆਂ ਗੋਭਾਂ ਹੋਣ ਉੱਥੇ 60 ਮਿਲੀਲਿਟਰ ਕੋਰਾਜਨ 18.5 ਐਸ ਸੀ 20 ਮਿਲੀਲਿਟਰ ਫੇਮ 480 ਐਸ ਸੀ ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ ਜਾਂ 1.0 ਲਿਟਰ ਕਲੋਰਪਾਈਰੀਫਾਸ ਪ੍ਰਤੀ ਏਕੜ ਦਾ ਛਿੜਕਾਅ



100 ਲਿਟਰ ਪਾਣੀ ਵਿਚ ਘੋਲ ਕੇ ਕਰੋ। ਬੂਟਿਆਂ ਦੇ ਟਿੱਡਿਆਂ ਦੇ ਸਰਵੇਖਣ ਲਈ, ਕੁਝ ਬੂਟੇ ਟੇਢੇ ਕਰਕੇ ਹੇਠਾਂ ਤੋਂ 2-3 ਵਾਰੀ ਝਾੜੋ। ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ 94 ਮਿਲੀਲਿਟਰ ਪੈਕਸਾਲੋਨ 10 ਐਸ ਸੀ ਜਾਂ 80 ਗ੍ਰਾਮ ਓਸ਼ੀਨ/ਟੋਕਨ 20 ਐਸ ਜੀ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ।

## ਨਰਮਾ

ਬੀ ਟੀ ਨਰਮੇ ਦੇ ਖੇਤ ਵਿਚ ਪੈਰਾਵਿਲਟ ਦੀ ਸਮੱਸਿਆ ਆ ਸਕਦੀ ਹੈ। ਇਸ ਦੀ ਰੋਕਥਾਮ ਲਈ ਸਿਰਫ ਪ੍ਰਭਾਵਿਤ ਬੂਟਿਆਂ ਉੱਪਰ (ਤਾਜ਼ਾ ਕੁਮਲਾਏ ਹੋਏ) 10 ਮਿਲੀ ਗ੍ਰਾਮ ਕੋਬਾਲਟ ਕਲੋਰਾਈਡ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਸਪਰੇਅ ਕਰ ਦਿਓ। ਨਰਮੇ ਤੋਂ ਇਲਾਵਾ ਚਿੱਟੀ ਮੱਖੀ ਦਾ ਹਮਲਾ ਹੋਰ ਫਸਲਾਂ ਜਿਵੇਂ ਕਿ ਬੈਂਗਣ, ਆਲੂ, ਟਮਾਟਰ, ਮਿਰਚਾਂ, ਮੂੰਗੀ ਆਦਿ ਤੇ ਵੀ ਪਾਇਆ ਜਾਂਦਾ ਹੈ। ਇਸ ਲਈ ਇਹਨਾਂ ਫਸਲਾਂ ਦਾ ਲਗਾਤਾਰ ਸਰਵੇਖਣ ਕਰਦੇ ਰਹੋ ਅਤੇ ਲੋੜ ਮੁਤਾਬਿਕ ਇਸ ਦੀ ਰੋਕਥਾਮ ਕਰੋ। ਨਰਮੇ ਦੇ ਖੇਤਾਂ ਵਿੱਚੋਂ ਪੱਤਾ ਲਪੇਟ ਵਿਸ਼ਾਣੂੰ ਨਾਲ ਪ੍ਰਭਾਵਿਤ ਬੂਟਿਆਂ ਨੂੰ ਸਮੇਂ-ਸਮੇਂ ਤੇ ਪੁੱਟ ਕੇ ਦਬਾਅ ਦਿਓ। ਗੁਲਾਬੀ ਸੁੰਡੀ ਦੀ ਗੈਰ ਰਸਾਇਣਕ ਰੋਕਥਾਮ ਲਈ ਫੀਰੋਮੋਨ (ਗੋਸੀਪਲਉਰ 4% 7, 11 ਹੈਕਸਾਡੈਕਾਡਾਈਨਾਇਲ) ਆਧਾਰਿਤ ਉਤਪਾਦ ਕਰੈਮਿਟ ਪੀ ਬੀ ਡਬਲਯੂ ਨੂੰ 125 ਗ੍ਰਾਮ ਪ੍ਰਤੀ ਡੋਜ਼ ਨਰਮੇ ਦੀ ਫਸਲ ਤੇ ਪਹਿਲੀ ਵਾਰ ਫੁੱਲ-ਡੋਡੀ ਦੀ ਆਮਦ ਤੇ (ਬਿਜਾਈ ਤੋਂ 45-55 ਦਿਨ ਦੇ ਵਕਫੇ ਤੇ) ਇਕ ਕਿਲੇ ਵਿਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ। ਰਸਾਇਣਕ ਰੋਕਥਾਮ ਲਈ 300 ਮਿਲੀਲਿਟਰ ਡੈਨੀਟੋਲ / ਮੀਓਥ੍ਰਿਨ 10 ਈ ਸੀ (ਫੈਨਪ੍ਰੋਪੈਥ੍ਰਿਨ) ਜਾਂ 100 ਗ੍ਰਾਮ ਪਰੋਕਲੇਮ 5 ਐਸ ਜੀ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਹਰੇ ਤੇਲੇ ਦੀ ਰੋਕਥਾਮ ਲਈ 300 ਮਿਲੀਲਿਟਰ ਕੀਫਨ 15 ਈ ਸੀ (ਟੋਲਫੈਨਪਾਇਰੈਡ) ਜਾਂ 80 ਗ੍ਰਾਮ ਉਲਾਲਾ ਜੀ ਜਾਂ 60 ਗ੍ਰਾਮ ਉਲਾਲਾ ਜੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 40 ਮਿਲੀਲਿਟਰ ਕੋਨਫੀਡੋਰ 200 ਐਸ ਐਲ ਨੂੰ 100 ਲਿਟਰ ਪਾਣੀ ਵਿਚ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ। ਖੇਤਾਂ ਵਿਚ ਲੀਫ ਕਰਲ ਵਾਲੇ ਬੂਟੇ ਪੱਟ ਕੇ ਦਬਾਉਂਦੇ ਰਹੋ। ਚਿੱਟੀ ਮੱਖੀ ਦੇ ਇਕਨਾਮਿਕ ਥਰੈਸ਼ਹੋਲਡ ਲੈਵਲ (6 ਬਾਲਗ ਪ੍ਰਤੀ ਪੱਤਾ ਸਵੇਰੇ 10 ਵਜੇ ਤੋਂ ਪਹਿਲਾਂ) ਤੇ ਪਹੁੰਚਣ ਤੇ 400 ਮਿਲੀਲਿਟਰ ਸਫੀਨਾ ਜਾਂ 60 ਗ੍ਰਾਮ ਓਸ਼ੀਨ ਨੂੰ ਪ੍ਰਤੀ ਏਕੜ ਦੇ ਹਿਸਾਬ ਨਾਲ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕੋ। ਨਰਮੇ ਦੀ ਫਸਲ ਜਦੋਂ 8-10 ਹਫਤਿਆਂ ਦੀ ਹੋ ਜਾਵੇ ਜਾਂ 40-45 ਸੈਂਟੀਮੀਟਰ ਉੱਚੀ ਹੋ ਜਾਵੇ ਤਾਂ ਫਸਲ ਦੀਆਂ ਕਤਾਰਾਂ ਵਿਚਕਾਰ 500 ਮਿ. ਲਿ. ਗ੍ਰੈਮੇਕਸੋਨ ਜਾਂ 900 ਮਿ.ਲੀ. ਸਵੀਪ ਪਾਵਰ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਸੁਰੱਖਿਅਤ ਹੁੱਡ ਲਗਾ ਕੇ ਸਪ੍ਰੇਅ ਕਰੋ।

## ਮੱਕੀ

ਮੱਕੀ ਵਿਚ ਫਾਲ ਆਰਮੀਵਰਮ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ ਜਾਂ 0.5 ਮਿਲੀਲਿਟਰ ਡੈਲੀਗੇਟ 11.7 ਮਿਲੀਲਿਟਰ ਐਸ ਸੀ ਜਾਂ 0.4 ਗ੍ਰਾਮ ਮਿਜਾਈਲ 5 ਐਸ ਜੀ ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ। ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ। ਫਸਲ 40 ਦਿਨਾਂ ਤੋਂ ਵੱਡੀ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲੱਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾਓ।

## ਸਬਜ਼ੀਆਂ

ਮੱਧ ਮੌਸਮੀ ਫੁੱਲ ਗੋਭੀ ਦੀ ਬਿਜਾਈ ਕੀਤੀ ਜਾ ਸਕਦੀ ਹੈ। ਭਿੰਡੀ ਦੀ ਫਸਲ ਤੇ ਤੇਲੇ ਦੀ ਰੋਕਥਾਮ ਲਈ 15 ਦਿਨ ਦੇ ਵਕਫੇ ਨਾਲ ਇੱਕ ਜਾਂ ਦੋ ਵਾਰ 80 ਮਿਲੀਲੀਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100-125 ਲਿਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਕਰੋ। ਮਿਰਚਾਂ ਦੇ ਫਲ ਦੇ ਗਾਲੇ ਦੀ ਰੋਕਥਾਮ ਲਈ ਤੇ 250 ਮਿ.ਲਿ. ਫੋਲੀਕਰ ਜਾਂ 750 ਗ੍ਰਾਮ ਇੰਡੋਫਿਲ ਐਮ-45, ਜਾਂ ਬਲਾਈਟੌਕਸ ਨੂੰ 250 ਲਿਟਰ ਪਾਣੀ ਵਿਚ ਮਿਲਾ ਕੇ ਦਸ ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ।

## ਬਾਗਬਾਨੀ

ਜੇਕਰ ਬਾਗਾਂ ਵਿਚ ਜਾਂ ਬੂਟਿਆਂ ਦੁਆਲੇ ਬਰਸਾਤ ਦਾ ਪਾਣੀ ਜਮ੍ਹਾ ਹੋ ਗਿਆ ਹੋਵੇ ਤਾਂ ਉਸਦੀ ਨਿਕਾਸੀ ਕਰ ਦਿਉ। ਤਰ ਵੱਤਰ ਆਉਣ ਤੇ ਹਲਕੀ ਵਹਾਈ ਕਰ ਦਿਉ। ਅਮਰੂਦ ਦੇ ਫਲਾਂ ਨੂੰ ਫਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ 16 ਪੀ.ਏ.ਯੂ. ਫਰੂਟ ਫਲਾਈ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਓ। ਘਰੇਲੂ ਪੱਧਰ ਤੇ ਅਮਰੂਦਾਂ ਦੇ ਫਲਾਂ ਨੂੰ ਨਾਨ-ਵੂਵਨ ਲਿਫਾਫਿਆਂ ਨਾਲ ਵੀ ਢਕਿਆ ਜਾ ਸਕਦਾ ਹੈ। ਫਲਦਾਰ ਬੂਟਿਆਂ ਖਾਸ ਕਰਕੇ ਨਿੰਬੂ ਜਾਤੀ ਦੇ ਬੂਟੇ, ਅਮਰੂਦ, ਅੰਬ, ਲੀਚੀ, ਬਿੱਲ, ਆਮਲਾ ਆਦਿ ਦੇ ਬੂਟਿਆਂ ਦੀ ਯੋਜਨਾਬੰਦੀ ਅਤੇ ਲਵਾਈ ਦਾ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਨਿੰਬੂ ਜਾਤੀ ਦੇ ਫਲਾਂ ਵਿਚ ਫਾਈਟਪਥੋਰਾ ਦੀ ਬਿਮਾਰੀ ਦੀ ਰੋਕਥਾਮ ਲਈ ਰਿਡੋਮਿਲ ਗੋਲਡ ਜਾਂ ਕਰਜੈਟ ਐਮ 8 ਨਾਲ ਬੂਟੇ ਦਾ ਹੇਠਾਂ ਵਾਲੀ ਜ਼ਮੀਨ ਨੂੰ ਇਸ ਸਮੇਂ 25 ਗ੍ਰਾਮ ਪ੍ਰਤੀ 10 ਲਿਟਰ ਪਾਣੀ ਪ੍ਰਤੀ ਪੌਦਾ ਦੇ ਹਿਸਾਬ ਨਾਲ ਚੰਗੀ ਤਰ੍ਹਾਂ ਭਿਉਂ ਦਿਉ। ਬਹੁਤ ਜ਼ਿਆਦਾ ਪ੍ਰਭਾਵਿਤ ਬੂਟਿਆਂ ਨੂੰ 50 ਮਿ.ਲੀ. ਸੋਡੀਅਮ ਹਾਈਪੋਕਲੋਰਾਈਟ (5%) 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਪੌਦਾ ਪਾਉ। ਇਸ ਘੋਲ ਨਾਲ ਪ੍ਰਭਾਵਿਤ ਬੂਟਿਆਂ ਦੀ ਜ਼ਮੀਨ ਅਤੇ ਮੁੱਖ ਤਣਿਆਂ ਉੱਪਰ ਚੰਗੀ ਤਰ੍ਹਾਂ ਛਿੜਕਾਅ ਕਰੋ।

## ਪਸ਼ੂ ਪਾਲਣ

ਪਸ਼ੂ ਢਾਰੇ ਆਲੇ ਦੁਆਲੇ ਨਾਲੋਂ ਉੱਚੀ ਜਗ੍ਹਾ ਤੇ ਬਣਾਉ ਤਾਂ ਜੋ ਪਾਣੀ ਦਾ ਸਹੀ ਨਿਕਾਸ ਹੋ ਸਕੇ। ਪਸ਼ੂ ਢਾਰਿਆਂ ਵਿਚ ਜ਼ਿਆਦਾ ਨਮੀਂ ਇਕੱਠੀ ਨਾ ਹੋਣ ਦਿਓ ਅਤੇ ਇਸਦੇ ਕੰਟਰੋਲ ਲਈ ਦਿਨ ਦੀ ਧੁੱਪ ਵੇਲੇ ਖਿੜਕੀਆਂ ਖੋਲ ਦਿਓ। ਸਾਫ ਹਵਾ ਦੇ ਵਗਣ ਨਾਲ ਨਮੀਂ ਬਾਹਰ ਜਾਵੇਗੀ ਅਤੇ ਪਸ਼ੂ ਨੂੰ ਸਾਹ ਦੀਆਂ ਬਿਮਾਰੀਆਂ ਵੀ ਘੱਟ ਹੋਣਗੀਆਂ। ਸ਼ੈਡ ਵਿਚ ਪੱਕੇ ਫਰਸ਼ ਦਾ ਪ੍ਰਬੰਧ ਜ਼ਰੂਰ ਕਰੋ ਤਾਂ ਜੋ ਮਲ ਮੂਤਰ ਦਾ ਠੀਕ ਤਰ੍ਹਾਂ ਨਿਕਾਸ ਹੋ ਸਕੇ ਅਤੇ ਫਰਸ਼ ਦੀ ਸਫਾਈ ਕਰਨੀ ਸੌਖੀ ਹੋਵੇ। ਕੱਚੇ ਫਰਸ਼ ਦੀ ਉਪਰਲੀ ਮਿੱਟੀ ਦੀ ਤਹਿ ਸਮੇਂ ਸਮੇਂ ਤੋਂ ਬਦਲੋ। ਹਵਾ ਨਾਲ ਬਦਬੂ ਤੇ ਵੀ ਕੰਟਰੋਲ ਰਹਿੰਦਾ ਹੈ ਅਤੇ ਫਰਸ਼ ਤੇ ਨਾਲੀਆਂ ਸੁੱਕੀਆਂ ਰਹਿੰਦੀਆਂ ਹਨ।





# ਕਿੰਨੂ ਦੇ ਬੂਟਿਆਂ ਦਾ ਅਚਾਨਕ ਸੁੱਕ ਜਾਣਾ

## ਸੰਭਾਵਿਤ ਕਾਰਨ ਅਤੇ ਹੱਲ

**ਪਿਛਲੇ ਕੁਝ ਸਾਲਾਂ ਤੋਂ ਪੰਜਾਬ ਦੇ ਦੱਖਣੀ-ਪੱਛਮੀ ਜ਼ਿਲ੍ਹਿਆਂ ਅਤੇ ਨਾਲ ਲਗਦੇ ਰਾਜਸਥਾਨ ਅਤੇ ਹਰਿਆਣਾ ਦੇ ਇਲਾਕਿਆਂ ਵਿਚ ਕਿੰਨੂ ਦੇ ਤੰਦਰੁਸਤ ਬੂਟਿਆਂ ਦੇ ਅਚਾਨਕ ਸੁੱਕ ਜਾਣ ਦੀ ਸਮੱਸਿਆ ਪੇਸ਼ ਆ ਰਹੀ ਹੈ। ਇਸ ਸਮੱਸਿਆ ਨਾਲ ਗ੍ਰਸਤ ਬੂਟੇ ਕੁਮਲਾਅ ਕੇ ਕੁੱਝ ਕੁ ਦਿਨਾਂ ਵਿਚ ਹੀ ਸੁੱਕ ਜਾਂਦੇ ਹਨ। ਇਸ ਦੀ ਅਲਾਮਤ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਲੋਂ ਬੂਟਿਆਂ ਦੇ ਅਚਾਨਕ ਸੁੱਕ ਜਾਣ ਦੇ ਕਾਰਨ ਘੋਖਣ ਦੇ ਨਾਲ-ਨਾਲ ਅਜਿਹੇ ਬੂਟਿਆਂ ਨੂੰ ਬਚਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਮੁੱਢਲੀ ਖੋਜ ਤੋਂ ਪਤਾ ਲਗਾਇਆ ਗਿਆ ਹੈ ਕਿ ਇਸ ਸਮੱਸਿਆ ਪਿੱਛੇ ਜੈਵਿਕ, ਵਾਤਾਵਰਣਿਕ ਜਾਂ ਮਿੱਟੀ ਦੀ ਸਿਹਤ ਸਬੰਧੀ ਕਾਰਨਾਂ ਕਰਕੇ ਬੂਟਿਆਂ ਦੀਆਂ ਜੜ੍ਹਾਂ ਅਤੇ ਛਤਰੀ ਦੇ ਅਨੁਪਾਤ ਦਾ ਅਸੰਤੁਲਨ ਹੋ ਜਾਣਾ ਹੁੰਦਾ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਜਿਸ ਸਾਲ ਬੂਟਿਆਂ ਉਪਰ ਜ਼ਿਆਦਾ ਫਲ ਲੱਗਦਾ ਹੈ, ਉਸ ਸਾਲ ਇਹ ਸਮੱਸਿਆ ਵਧ ਜਾਂਦੀ ਹੈ।**

ਜਸਵਿੰਦਰ ਸਿੰਘ ਬਰਾੜ
ਅਤੇ ਕ੍ਰਿਸ਼ਨ ਕੁਮਾਰ

### ਅਗੇਤੀ ਪਛਾਣ ਅਤੇ ਲੱਛਣ

ਜਿੰਨੀ ਛੇਤੀ ਪ੍ਰਭਾਵਿਤ ਬੂਟਿਆਂ ਉੱਪਰ ਇਸ ਸਮੱਸਿਆ ਦੀ ਪਹਿਚਾਣ ਕਰਕੇ ਉਪਰਾਲੇ ਸ਼ੁਰੂ ਕੀਤੇ ਜਾ ਸਕਣ, ਉਨੀ ਹੀ ਇਨ੍ਹਾਂ ਨੂੰ ਤੰਦਰੁਸਤ ਰੱਖਣ ਦੀ ਦਰ ਵਿਚ ਵਾਧਾ ਹੋਵੇਗਾ।

1. ਪ੍ਰਭਾਵਿਤ ਬੂਟਿਆਂ ਉੱਪਰ ਜ਼ਿਆਦਾ ਫੁੱਲ-ਫਲਾਕਾ ਆਉਣਾ।
2. ਬੂਟਿਆਂ ਦੇ ਪੱਤਿਆਂ ਵਿਚ ਚਮਕ ਘਟ ਜਾਣਾ ਜਾਂ ਚਮਕ ਦਾ ਖਤਮ ਹੋ ਜਾਣਾ।
3. ਪ੍ਰਭਾਵਿਤ ਬੂਟਿਆਂ ਦੇ ਪੱਤਿਆਂ ਦਾ ਉੱਪਰ ਵੱਲ ਨੂੰ ਮੁੜ ਜਾਣਾ।
4. ਬੂਟਿਆਂ ਦੇ ਪੱਤਿਆਂ ਦਾ ਕੁਮਲਾਉਣਾ ਸ਼ੁਰੂ ਹੋ ਜਾਣਾ ਅਤੇ ਹੌਲੀ-ਹੌਲੀ ਕੁਮਲਾਉਣ ਦੀ ਦਰ ਵਧ ਜਾਣਾ।
5. ਅਜਿਹੇ ਬੂਟਿਆਂ ਉੱਪਰ ਫਲਾਂ ਦਾ ਆਕਾਰ ਛੋਟਾ ਰਹਿ ਜਾਣਾ ਅਤੇ ਫਲਾਂ ਦਾ ਪੋਲਾ ਪੈ ਜਾਣਾ।
6. ਬੂਟਿਆਂ ਦੇ ਪੱਤਿਆਂ ਦਾ ਪੂਰੀ ਤਰ੍ਹਾਂ ਕੁਮਲਾਅ ਜਾਣਾ ਕੁਝ ਕੁ ਦਿਨਾਂ ਵਿਚ ਪੂਰੇ ਬੂਟੇ ਦਾ ਬਿਲਕੁਲ ਸੁੱਕ ਜਾਣਾ।

### ਸੁੱਕਣ ਤੋਂ ਬਚਾਉਣ ਲਈ ਉਪਰਾਲੇ

**ੳ. ਬਾਗਾਂ 'ਚ ਖੁਰਾਕੀ ਤੱਤਾਂ ਦਾ ਸੰਤੁਲਨ ਬਣਾਓ**

ਕਿੰਨੂ ਦੇ ਬਾਗਾਂ ਦੀ ਜ਼ਮੀਨ ਵਿਚਲੇ ਖੁਰਾਕੀ ਤੱਤਾਂ ਦਾ ਸੰਤੁਲਨ ਬਣਾਈ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ ਆਮ ਤੌਰ 'ਤੇ ਜ਼ਿਆਦਾਤਰ ਬਾਗਬਾਨ, ਮੁੱਖ ਤੱਤਾਂ ਵਿਚੋਂ ਸਿਰਫ ਨਾਈਟ੍ਰੋਜਨ ਤੇ ਫਾਸਫੋਰਸ ਅਤੇ ਲਘੂ ਤੱਤਾਂ ਵਿਚੋਂ ਜ਼ਿੰਕ ਅਤੇ ਮੈਗਨੀਜ਼ ਵੱਲ ਹੀ ਤਵੱਜੋ ਦਿੰਦੇ ਹਨ ਜਦੋਂ ਕਿ ਬੂਟਿਆਂ ਨੂੰ ਕੁਦਰਤ ਵਲੋਂ ਮਿਲਣ ਵਾਲੇ ਕਾਰਬਨ, ਹਾਈਡਰੋਜਨ ਅਤੇ ਆਕਸੀਜਨ ਤੋਂ ਇਲਾਵਾ ਹੋਰ ਵੀ 12 ਤੱਤਾਂ ਦੀ ਜ਼ਰੂਰਤ ਹੁੰਦੀ ਹੈ, ਜੋ ਕਿ ਭਰਪੂਰ ਮਾਤਰਾ ਵਿਚ ਦੇਸੀ ਰੂੜੀ ਵਾਲੀ ਖਾਦ ਅਤੇ ਹੋਰਨਾਂ ਦੇਸੀ ਖਾਦਾਂ ਵਿਚ ਮਿਲਦੇ ਹਨ। ਸੋ, ਇਹ ਜ਼ਰੂਰੀ ਹੈ ਕਿ ਬਾਗਬਾਨ ਵੀਰ ਹੁਣ ਬੂਟਿਆਂ ਨੂੰ ਦੇਸੀ ਖਾਦਾਂ ਜਾਂ ਰਸਾਇਣਕ ਖਾਦਾਂ ਪਾਉਣ ਤੋਂ ਪਹਿਲਾਂ-ਪਹਿਲਾਂ ਆਪਣੇ ਬਾਗਾਂ ਦੀ ਮਿੱਟੀ ਦੀ ਪਰਖ ਕਰਵਾਉਣ। ਮਿੱਟੀ ਪਰਖ ਦੀ ਰਿਪੋਰਟ ਅਨੁਸਾਰ ਰਸਾਇਣਕ ਖਾਦਾਂ ਦੀ ਮਾਤਰਾ ਵਧਾਈ-ਘਟਾਈ ਜਾ ਸਕਦੀ ਹੈ। ਮਿੱਟੀ ਪਰਖ ਲਈ ਸਿਟਰਸ ਅਸਟੇਟ ਬਾਦਲ, ਅਬੋਹਰ, ਟਾਹਲੀਵਾਲ ਜੱਟਾਂ (ਅਬੋਹਰ ਬਿਲਟ) ਅਤੇ ਸਿਟਰਸ ਅਸਟੇਟ ਭੂੰਗਾ ਅਤੇ ਹੁਸ਼ਿਆਰਪੁਰ (ਹੁਸ਼ਿਆਰਪੁਰ ਬਿਲਟ) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਅ. ਖਾਰੇ ਤੱਤਾਂ ਦੇ ਮਾਰੂ ਅਸਰ ਘਟਾਉਣ ਲਈ ਜ਼ਰੂਰੀ ਕਦਮ**

ਅਬੋਹਰ ਅਤੇ ਆਸ-ਪਾਸ ਦੇ ਕਈ ਖੇਤਰਾਂ 'ਚ ਜ਼ਮੀਨੀ-ਪਾਣੀ ਦੀ ਸਤਹਿ ਦੇ ਨੇੜੇ ਹੋਣ ਅਤੇ ਉੱਪਰੀ ਸਤਹਿ ਵਿਚ ਖਾਰੇ ਤੱਤਾਂ ਦੀ ਮਾਤਰਾ ਵਧੇਰੇ ਹੋਣ ਕਾਰਨ ਕਿੰਨੂ ਦੇ ਬੂਟਿਆਂ ਉੱਪਰ ਬਹੁਤ ਮਾੜਾ ਅਸਰ ਹੁੰਦਾ ਹੈ। ਅਜਿਹੇ ਹਲਾਤਾਂ ਵਿਚ ਬੂਟੇ ਜ਼ਮੀਨ ਵਿਚਲੇ ਖੁਰਾਕੀ ਤੱਤ ਪੂਰੀ ਮਾਤਰਾ ਵਿਚ ਲੈਣ ਲਈ ਅਸਮਰਥ ਹੋ ਜਾਂਦੇ ਹਨ ਅਤੇ ਬੂਟੇ ਵਿਚ ਖੁਰਾਕੀ ਤੱਤਾਂ ਦੀ ਘਾਟ ਹੋ ਜਾਂਦੀ ਹੈ। ਪੱਤਿਆਂ ਉੱਪਰ ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ ਅਤੇ ਨੋਕਾਂ ਸੁੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ। ਮਾੜੇ ਤੱਤਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਦੇਸੀ ਖਾਦਾਂ ਪੂਰੀ ਮਾਤਰਾ ਵਿਚ ਪਾਉ, ਸੁਚੱਜਾ ਪਾਣੀ ਪ੍ਰਬੰਧ ਕਰੋ, ਮਿੱਟੀ ਦੀ ਪਰਖ ਕਰਵਾ ਕੇ ਸਲਫਰ ਜਾਂ ਹੋਰ ਰਸਾਇਣਕ ਉਪਚਾਰ ਕਰੋ, ਜ਼ਮੀਨੀ ਪਾਣੀ ਦੀ ਵਰਤੋਂ ਤੋਂ ਬਿਲਕੁਲ ਪ੍ਰਹੇਜ਼ ਕਰੋ।

**ੲ. ਬਾਗਾਂ ਦੀ ਸੁਚੱਜੀ ਸੰਭਾਲ**

ਕਦੇ ਵੀ ਬਾਗਾਂ ਦੀ ਲੋੜੋਂ ਜ਼ਿਆਦਾ ਵਹਾਈ ਨਾ ਕਰੋ, ਖਾਸ ਕਰਕੇ ਗਰਮੀਆਂ ਮਹੀਨੇ ਬਾਗਾਂ ਵਿਚਲੀ ਜ਼ਮੀਨ ਨੂੰ ਬਹੁਤਾ ਨਾ ਵਾਹੋ। ਨਦੀਨਾਂ ਦੀ ਰੋਕਥਾਮ ਲਈ ਝੋਨੇ ਦੀ ਪਰਾਲੀ ਜ਼ਰੂਰ ਵਿਛਾਉ। ਇਸ ਨਾਲ ਨਾ ਸਿਰਫ ਨਦੀਨਾਂ ਦੀ ਰੋਕਥਾਮ ਹੋਵੇਗੀ, ਸਗੋਂ ਜ਼ਮੀਨ ਵਿਚ ਗਰਮੀਆਂ ਮਹੀਨੇ ਸਿਲ੍ਹ ਬਰਕਰਾਰ ਰਹੇਗੀ ਅਤੇ ਬਾਗ ਵਿਚਲਾ ਵਾਤਾਵਰਨ ਵੀ ਠੀਕ ਰਹੇਗਾ। ਬਾਗਾਂ ਨੂੰ ਹਮੇਸ਼ਾਂ ਹਲਕੇ ਅਤੇ ਲਗਾਤਾਰ ਪਾਣੀਆਂ ਦੀ ਸਿਫਾਰਿਸ਼ ਕੀਤੀ ਜਾਂਦੀ ਹੈ ਅਤੇ ਕਦੇ ਵੀ ਬਹੁਤਾ ਭਾਰਾ ਪਾਣੀ ਨਾ ਲਗਾਓ। ਬੂਟਿਆਂ ਦੁਆਲੇ ਪਾਣੀ ਖੜ੍ਹਨ ਜਾਂ ਬਹੁਤ ਜ਼ਿਆਦਾ ਸਿੱਲ੍ਹੇਪਣ ਤੋਂ ਬਾਅਦ ਪਈਆਂ ਕੜਾਕੇ ਦੀਆਂ ਧੁੱਪਾਂ ਵੀ ਇਸ ਸਮੱਸਿਆ ਦਾ ਕਾਰਨ ਬਣ ਸਕਦੀਆਂ ਹਨ।

**ਸ. ਬੂਟਿਆਂ ਉੱਪਰ ਲੋੜੋਂ ਵੱਧ ਫਲ ਲੱਗਣਾ**

ਕਿੰਨੂ ਦੇ ਬੂਟਿਆਂ ਉੱਪਰ ਫੁੱਲਾਂ ਦੀ ਆਮਦ ਅਤੇ ਫਲ ਬਣਨ 'ਚ ਚਾਲੂ ਮੌਸਮੀ ਹਾਲਾਤ ਬਹੁਤ ਮਾਇਨੇ ਰੱਖਦੇ ਹਨ, ਜਿਸ ਸਾਲ ਫਲ ਜ਼ਿਆਦਾ ਹੋਵੇ ਅਤੇ ਮੌਸਮੀ ਹਾਲਤ ਅਨੁਕੂਲ ਹੋਣ (ਖਾਸ ਕਰਕੇ ਮਾਰਚ ਤੋਂ ਜੁਲਾਈ ਤੱਕ ਮੌਸਮ ਆਮ ਤੌਰ 'ਤੇ ਠੰਢਾ ਰਹਿੰਦਾ ਹੈ) ਤਾਂ ਉਸ ਸਾਲ ਵਾਧੂ ਫਲਾਂ ਦਾ ਕੇਰਾ ਨਹੀਂ ਪੈਂਦਾ ਅਤੇ ਬੂਟਿਆਂ ਉੱਪਰੋਂ ਲੋੜੋਂ ਜ਼ਿਆਦਾ ਫਲ ਟਿਕ ਜਾਂਦੇ ਹਨ, ਉਸ ਸਾਲ ਵੀ ਬੂਟਿਆਂ ਦੇ ਕੁਮਲਾਅ ਕੇ ਮਰਨ ਦੀ ਦਰ ਵਧਦੀ ਹੈ। ਇਹ ਪ੍ਰਵਿਰਤੀ ਸਾਲ 2022 ਵਿਚ ਅਤੇ ਇਸ ਸਾਲ ਵੀ ਦੇਖੀ ਗਈ ਹੈ। ਇਸ ਲਈ ਇਹ ਅਤਿ ਜ਼ਰੂਰੀ ਹੈ ਕਿ ਬੂਟਿਆਂ ਉੱਪਰ ਲੋੜੋਂ ਜ਼ਿਆਦਾ ਫਲ ਨਾ ਲੱਗਣ ਦਿੱਤਾ ਜਾਵੇ ਅਤੇ ਇਸ ਕੰਮ ਲਈ ਹਰ ਸਾਲ ਫਲਾਂ ਦੀ ਆਮਦ ਦੇ ਹਿਸਾਬ ਨਾਲ ਬੂਟਿਆਂ ਦੀ ਕਾਂਟ-ਛਾਂਟ ਦੀ ਦਰ ਵਧਾਈ ਜਾਂ ਘਟਾਈ ਜਾ ਸਕਦੀ ਹੈ ਜਾਂ ਬਾਗਾਂ ਵਿਚ ਵਾਧੂ ਫਲਾਂ ਨੂੰ ਪਾਣੀ ਦੀ ਹਲਕੀ ਥੁੜ੍ਹ ਲੁਆ ਕੇ ਸੰਤੁਲਿਤ ਕੀਤਾ ਜਾ ਸਕਦਾ ਹੈ।





### ਪ੍ਰਭਾਵਿਤ ਬੂਟਿਆਂ ਦੀ ਪਛਾਣ ਅਤੇ ਬਚਾਅ ਲਈ ਉਪਰਾਲੇ

ਜਿਨ੍ਹਾਂ ਪ੍ਰਭਾਵਿਤ ਬੂਟਿਆਂ ਦੇ ਪੱਤਿਆਂ 'ਚ ਚਮਕ ਘੱਟ ਰਹੀ ਹਵੇ ਤਾਂ ਹਲਕੇ ਕੁਮਲਾਉਣ ਵਾਲੇ ਲੱਛਣ ਦਿਖਾਈ ਦੇਣ, ਉਨ੍ਹਾਂ ਬੂਟਿਆਂ ਦੀ ਛਤਰੀ ਦੀ ਉਪਰੋਂ ਹਲਕੀ ਛੰਗਾਈ ਕਰ ਦਿਉ ਅਤੇ ਫਲਾਂ ਨੂੰ ਵੀ ਵਿਰਲਾ ਕਰ ਦਿਉ। ਜ਼ਿਆਦਾ ਫਲ ਲੱਗੇ ਬੂਟਿਆਂ ਦਾ ਫਲ ਵਿਰਲਾ ਕਰ ਦਿਓ ਅਤੇ ਬੂਟਿਆਂ ਉੱਪਰੋਂ ਲੋਡ ਘਟਾ ਦਿਉ। ਜ਼ਿਆਦਾ ਕੁਮਲਾਅ ਰਹੇ ਬੂਟਿਆਂ ਨੂੰ ਉਨ੍ਹਾਂ ਦੇ ਕੁਮਲਾਉਣ ਦੀ ਦਰ ਦੇਖਦੇ ਹੋਏ ਉਨ੍ਹਾਂ ਦਾ 20-20 ਪ੍ਰਤੀਸ਼ਤ ਤੱਕ ਪਤਰਾਲ ਘਟਾ ਦਿਉ। ਬਾਗਾਂ ਦੀ ਵਹਾਈ ਘੱਟ ਤੋਂ ਘੱਟ ਕਰੋ ਕਦੇ ਵੀ ਬੂਟਿਆਂ ਦੀ ਛਤਰੀ ਹੇਠ ਡੂੰਘੀ ਵਹਾਈ ਨਾ ਕਰੋ। ਜ਼ਿਆਦਾ ਅਤੇ ਡੂੰਘੀ ਵਹਾਈ ਨਾਲ ਬੂਟਿਆਂ ਦੀਆਂ ਜੜ੍ਹਾਂ ਨੂੰ ਨੁਕਸਾਨ ਪਹੁੰਚਦਾ ਹੈ ਅਤੇ ਬੂਟਿਆਂ ਦੀਆਂ ਜੜ੍ਹਾਂ ਅਤੇ ਛਤਰੀ ਦੇ ਅਨੁਪਾਤ ਦਾ ਸੰਤੁਲਣ ਵਿਗੜ ਜਾਂਦਾ ਹੈ। ਕਮਜ਼ੋਰ ਹੋ ਕੇ ਕੁਮਲਾਅ ਰਹੇ ਬੂਟਿਆਂ ਦੀਆਂ ਜੜ੍ਹਾਂ ਤੇ ਉਲੀ ਦਾ ਹਮਲਾ ਹੋ ਜਾਂਦਾ ਹੈ, ਇਸ ਲਈ ਇਨ੍ਹਾਂ ਬੂਟਿਆਂ ਦੀਆਂ ਜੜ੍ਹਾਂ ਨੂੰ ਉਲੀ ਰੋਗਾਂ ਤੋਂ ਬਚਾਉਣ ਲਈ ਉਪਰਾਲੇ ਕਰੋ। ਯੂਨੀਵਰਸਿਟੀ ਵਲੋਂ ਕਿੰਨੂ ਦੇ ਬਾਗਾਂ ਲਈ ਸਿਫਾਰਿਸ਼ ਕੀਤੀਆਂ ਜ਼ਮੀਨ ਵਿਚ ਪਾਉਣ ਵਾਲੀਆਂ ਦਵਾਈਆਂ ਪਾਉਣ ਸਮੇਂ ਧਿਆਨ ਰੱਖੋ ਕਿ ਇਹ ਪ੍ਰਭਾਵਿਤ ਬੂਟਿਆਂ ਦੀਆਂ ਜੜ੍ਹਾਂ ਤੱਕ ਪਹੁੰਚ ਜਾਣ। ਯੂਨੀਵਰਸਿਟੀ ਵੱਲੋਂ ਇਸ ਦੀ ਰੋਕਥਾਮ ਲਈ ਬਹੁਤ ਸਾਰੇ ਉਪਯੋਗੀ ਰਸਾਇਣਾਂ ਦੀ ਵੀ ਵਰਤੋਂ ਦੇ ਤਜਰਬੇ ਕੀਤੇ ਜਾ ਰਹੇ ਹਨ, ਇਨ੍ਹਾਂ ਬਾਬਤ ਵਧੇਰੇ ਜਾਣਕਾਰੀ ਲਈ ਯੂਨੀਵਰਸਿਟੀ ਵਿਗਿਆਨੀਆਂ ਨਾਲ ਪੀ. ਏ. ਯੂ. ਲੁਧਿਆਣਾ ਜਾਂ ਅਬੋਹਰ ਕੇਂਦਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਸੋ, ਬਾਗਬਾਨ ਵੀਰੋ, ਆਉਣ ਵਾਲੇ ਸਮੇਂ ਕਿੰਨੂ ਦੇ ਬਾਗਾਂ ਦੀ ਜ਼ਮੀਨ ਵਿਚਲੇ ਖੁਰਾਕੀ ਤੱਤਾਂ ਦੀ ਪਰਖ ਲਈ ਮਿੱਟੀ ਦੀ ਪਰਖ ਕਰਵਾ ਕੇ ਖਾਦ-ਖੁਰਾਕ ਪਾਉ, ਬੂਟਿਆਂ ਦੇ ਸੁਚੱਜੇ ਤਰੀਕੇ ਨਾਲ ਕਾਂਟ-ਛਾਂਟ ਕਰੋ ਅਤੇ ਕਾਂਟ-ਛਾਂਟ ਨਾਲ ਨਿਕਲੀ ਸੋਕ ਨੂੰ ਬਾਗਾਂ ਵਿਚ ਜਾਂ ਇਸ ਦੇ ਆਲੇ-ਦੁਆਲੇ ਨਾ ਰੱਖੋ। ਬਿਲਕੁਲ ਤੰਦਰੁਸਤ ਬੂਟਿਆਂ ਦੇ ਅਚਾਨਕ ਸੁੱਕ ਜਾਣ ਵਾਲੇ ਸੰਭਾਵੀ ਬੂਟਿਆਂ ਦੀ ਅਗਾਊਂ ਪਹਿਚਾਣ ਕਰਕੇ ਤੁਰੰਤ ਉਪਰਾਲੇ ਸ਼ੁਰੂ ਕਰੋ।



# ਫਸਲੀ ਵਿਭਿੰਨਤਾ ਹੀ ਹੈ ਖੇਤੀ ਸੰਕਟ ਦਾ ਹੱਲ

ਭਗਵਾਨ ਦਾਸ

ਪੰਜਾਬ ਭਾਰਤ ਦੇ ਕੁੱਲ ਚੌਲ ਉਤਪਾਦਨ ਦਾ ਦੱਸਵਾਂ ਹਿੱਸਾ ਪੈਦਾ ਕਰਦਾ ਹੈ। ਸਂ 2021-22 ਵਿਚ ਇਸ ਵੱਲੋਂ 21 ਪ੍ਰਤੀਸ਼ਤ ਤੱਕ ਚੌਲ ਕੇਂਦਰੀ ਅੰਨ ਭੰਡਾਰ 'ਚ ਦਿੱਤੇ ਗਏ ਸਨ। ਸਿੰਚਾਈ-ਅਧੀਨ ਰਕਬਾ 98.9 ਪ੍ਰਤੀਸ਼ਤ ਹੈ। ਰਾਜ ਦੇ ਕੁੱਲ ਭੂਗੋਲਿਕ ਰਕਬੇ ਦਾ 82 ਫੀਸਦੀ (ਲਗਭਗ 41.58 ਲੱਖ ਹੈਕਟੇਅਰ) ਰਕਬਾ ਕਾਸ਼ਤ ਕੀਤਾ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਤੋਂ ਵੱਧ ਅਰਸੇ ਤੋਂ ਪੰਜਾਬ ਸਰਕਾਰ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾ ਕੇ ਫਸਲੀ-ਵਿਭਿੰਨਤਾ ਲਿਆਉਣ ਦੇ ਉਪਰਾਲੇ ਕਰ ਰਹੀ ਹੈ। ਪਰ ਸਫਲਤਾ ਨਹੀਂ ਮਿਲੀ। ਸਗੋਂ ਹਰ ਸਾਲ ਝੋਨੇ ਦੀ ਕਾਸ਼ਤ ਥੱਲੇ ਰਕਬਾ ਵਧਿਆ ਹੈ। ਮਾਹਰਾਂ ਅਤੇ ਸੈਂਟਰ ਗਰਾਊਂਡ ਵਾਟਰ ਬੋਰਡ ਵੱਲੋਂ ਰਾਜ ਸਰਕਾਰ ਨੂੰ ਝੋਨੇ ਦੀ ਕਾਸ਼ਤ ਹੇਠੋਂ ਰਕਬਾ ਘਟਾ ਕੇ 20 ਲੱਖ ਹੈਕਟੇਅਰ ਤੇ ਲਿਆਉਣ ਲਈ ਕਿਹਾ ਗਿਆ ਸੀ। ਪ੍ਰੰਤੂ ਇਸ ਵਿਚ ਕੋਈ ਕਮੀ ਨਹੀਂ ਹੋਈ ਸਗੋਂ ਕਣਕ-ਝੋਨਾ ਫਸਲੀ-ਚੱਕਰ ਥੱਲੇ ਹਰ ਸਾਲ ਰਕਬਾ ਵਧਦਾ ਰਿਹਾ। ਫਸਲੀ-ਵਿਭਿੰਨਤਾ ਦਾ ਕਾਮਯਾਬ ਨਾ ਹੋਣਾ ਕਿਸਾਨੀ ਸੰਕਟ ਦਾ ਮੁੱਖ ਕਾਰਨ ਹੈ ਅਤੇ ਇਸ ਕਾਰਨ 141 ਬਲਾਕਾਂ ਵਿੱਚੋਂ ਬਹੁਤੇ ਬਲਾਕ ਸਿਆਹ ਜ਼ੋਨ 'ਚ ਚਲੇ ਗਏ, ਜਿੱਥੇ ਹੋਰ ਟਿਊਬਵੈੱਲ ਦੀ ਸੰਭਾਵਨਾ ਨਹੀਂ। ਇਨ੍ਹਾਂ ਬਲਾਕਾਂ ਵਿਚ ਪਾਣੀ ਜ਼ਮੀਨ ਦੇ 200 ਤੋਂ 300 ਫੁੱਟ ਥੱਲੇ ਹੀ ਉਪਲਬਧ ਹੁੰਦਾ ਹੈ ਅਤੇ ਟਿਊਬਵੈੱਲ ਸਬਮਰਸੀਬਲ ਪੰਪਾਂ ਨਾਲ ਹੀ ਚੱਲਦੇ ਹਨ।

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦਾ ਵਧੇਰੇ ਜ਼ੋਰ ਝੋਨੇ ਥੱਲਿਓਂ ਕੁਝ ਰਕਬਾ ਕੱਢ ਕੇ ਮੱਕੀ ਦੀ ਕਾਸ਼ਤ ਹੇਠਾਂ ਲਿਆਉਣ ਦਾ ਰਿਹਾ ਹੈ। ਨਿਸ਼ਾਨਾ 5.5 ਲੱਖ ਹੈਕਟੇਅਰ ਰਕਬਾ ਮੱਕੀ ਦੀ ਕਾਸ਼ਤ ਥੱਲੇ ਲਿਆਉਣ ਦਾ ਰੱਖਿਆ ਗਿਆ ਪਰ ਕੇਵਲ 1.05 ਲੱਖ ਹੈਕਟੇਅਰ ਰਕਬਾ ਸਂ 2022-23 ਦੌਰਾਨ ਮੱਕੀ ਦੀ ਕਾਸ਼ਤ ਥੱਲੇ ਲਿਆਂਦਾ ਜਾ ਸਕਿਆ। ਝੋਨਾ ਛੱਡ ਦੇ ਕਿਸਾਨ ਮੱਕੀ ਬੀਜਣ ਵੀ ਕਿਉਂ? ਬਹਾਰ ਰੁੱਤ ਦੀ ਮੱਕੀ ਦੀ ਪਾਣੀ ਦੀ ਲੋੜ ਵੀ ਝੋਨੇ ਨਾਲ ਘੱਟ ਨਹੀਂ। ਝੋਨੇ ਦੀ ਉਤਪਾਦਕਤਾ ਵੀ ਮੱਕੀ ਨਾਲੋਂ ਬਹੁਤ ਵੱਧ ਹੈ। ਜਦੋਂ ਮੱਕੀ ਦੀ ਔਸਤ ਪੈਦਾਵਾਰ 15.90 ਕੁਇੰਟਲ ਪ੍ਰਤੀ ਏਕੜ ਹੈ, ਝੋਨੇ ਦੀ 26-27 ਕੁਇੰਟਲ ਦੇ ਦਰਮਿਆਨ ਹੈ। ਫੇਰ ਮੱਕੀ ਦਾ ਸਮਰਥਨ ਮੁੱਲ ਵੀ ਝੋਨੇ ਦੇ ਮੁਕਾਬਲੇ ਘੱਟ ਹੈ। ਝੋਨੇ ਦਾ ਸਮਰਥਨ ਮੁੱਲ 2203 ਰੁਪਏ ਪ੍ਰਤੀ ਕੁਇੰਟਲ ਹੈ। ਜਦੋਂ ਕਿ ਮੱਕੀ ਦਾ ਸਮਰਥਨ ਮੁੱਲ 2090 ਰੁਪਏ ਪ੍ਰਤੀ ਕੁਇੰਟਲ ਹੈ। ਘੱਟ ਸਮਰਥਨ ਮੁੱਲ ਤੇ ਵੀ ਮੱਕੀ ਦੀ ਸਰਕਾਰੀ ਖਰੀਦ ਨਹੀਂ ਹੁੰਦੀ। ਨਿੱਜੀ ਵਪਾਰੀਆਂ ਦੇ ਹੱਥੋਂ ਮੱਕੀ ਉਤਪਾਦਕਾਂ ਦੀ ਲੁੱਟ ਹੁੰਦੀ ਰਹੀ ਹੈ। ਮੱਕੀ ਦੀ ਕਾਸ਼ਤ ਝੋਨੇ ਦੇ ਮੁਕਾਬਲੇ ਕਿਸਾਨਾਂ ਲਈ ਉੱਕਾ ਹੀ ਲਾਹੇਵੰਦ ਨਹੀਂ, ਕਿਉਂਕਿ ਉਤਪਾਦਕਾਂ, ਮੁੱਲ ਅਤੇ ਸਰਕਾਰੀ ਖਰੀਦ ਝੋਨੇ ਦਾ ਮੁਕਾਬਲਾ ਨਹੀਂ ਕਰਦੇ।

ਝੋਨੇ ਦੀ ਕਾਸ਼ਤ ਘਟਾਉਣ ਅਤੇ ਫਸਲੀ ਵਿਭਿੰਨਤਾ ਲਿਆਉਣ ਲਈ ਬਾਸਮਤੀ ਕਿਸਮਾਂ ਦੀ ਕਾਸ਼ਤ ਵਧਾਉਣ ਦੀ ਲੋੜ ਹੈ। ਪਿਛਲੇ ਸਾਲ ਬਾਸਮਤੀ ਕਿਸਮਾਂ ਦਾ ਭਾਅ ਵੀ ਕਿਸਾਨਾਂ ਨੂੰ ਲਾਭਦਾਇਕ ਮਿਲਿਆ ਸੀ। ਇਸ ਸਾਲ ਮਿਲੀਆਂ ਰਿਪੋਰਟਾਂ ਅਨੁਸਾਰ ਉੱਤਰ ਪ੍ਰਦੇਸ਼ 'ਚ ਬਾਸਮਤੀ ਦਾ ਰਕਬਾ ਕਾਫੀ ਵਧਿਆ ਹੈ ਅਤੇ ਉੱਥੇ ਨਵੇਂ ਇਲਾਕੇ ਬਾਸਮਤੀ ਦੀ ਕਾਸ਼ਤ ਥੱਲੇ ਆਏ ਹਨ। ਪ੍ਰੰਤੂ ਪੰਜਾਬ 'ਚ ਇਹ ਪਿਛਲੇ ਸਾਲ ਦੇ 5 ਲੱਖ ਹੈਕਟੇਅਰ ਦੇ ਮੁਕਾਬਲੇ ਇਸ ਸਾਲ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀ ਯੋਜਨਾਬੰਦੀ ਅਨੁਸਾਰ 6 ਲੱਖ ਹੈਕਟੇਅਰ ਰਕਬੇ 'ਤੇ ਬਾਸਮਤੀ ਦੀ ਕਾਸ਼ਤ ਕੀਤੀ ਜਾਵੇਗੀ। ਉੱਤਰ ਪ੍ਰਦੇਸ਼ ਤੋਂ ਥੋੜ੍ਹੇ 'ਚ ਪੱਕਣ ਵਾਲੀ ਬਾਸਮਤੀ 1509 ਦੀ ਫਸਲ ਆ ਕੇ ਹੁਣ ਵੀ ਹਰਿਆਣਾ ਦੀਆਂ ਮੰਡੀਆਂ 'ਚ ਕਰਨਾਲ ਤੇ ਤਰੋੜੀ ਆਦਿ ਵਿਖੇ 2600 ਤੋਂ ਲੈ ਕੇ 3300 ਰੁਪਏ ਪ੍ਰਤੀ ਕੁਇੰਟਲ ਤੱਕ ਵਿਕ ਰਹੀ ਹੈ। ਉੱਤਰ ਪ੍ਰਦੇਸ਼ 'ਚ ਕਿਸਾਨ ਫਸਲ ਅਗੇਤੀ ਲਗਾ ਲੈਂਦੇ ਹਨ। ਪੰਜਾਬ ਵਾਂਗ ਉੱਥੇ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਵਾਂਗ ਕੋਈ ਕਾਨੂੰਨ ਨਹੀਂ ਜਿਸ ਥੱਲੇ ਝੋਨਾ ਮੱਧ ਜੂਨ ਤੋਂ ਪਹਿਲਾਂ ਨਾ ਲਾਇਆ ਜਾ ਸਕੇ। ਉੱਤਰ ਪ੍ਰਦੇਸ਼ 'ਚ ਅਜਿਹੀ ਕਿਸੇ ਕਿਸਮ ਦੀ ਕੋਈ ਰੋਕ ਨਹੀਂ। ਆਲ-ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਵੱਡੇ ਐਕਸਪੋਰਟਰ ਵਿਜੇ ਸੇਤੀਆ ਅਨੁਸਾਰ ਇਸ ਸਾਲ ਵੀ ਬਾਸਮਤੀ ਦੀ ਬਰਾਮਦ ਦਾ ਉੱਜਲ ਭਵਿੱਖ ਹੈ ਅਤੇ ਕਿਸਾਨਾਂ ਨੂੰ ਲਾਹੇਵੰਦ ਕੀਮਤ ਮਿਲਣ ਦੀ ਆਸ ਹੈ। ਪੰਜਾਬ ਦੇ ਕਿਸਾਨਾਂ ਨੂੰ ਵੱਧ ਤੋਂ ਵੱਧ ਰਕਬੇ 'ਤੇ ਬਾਸਮਤੀ ਦੀ ਕਾਸ਼ਤ ਕਰਨੀ ਚਾਹੀਦੀ ਹੈ, ਕਿਉਂਕਿ ਲਾਹੇਵੰਦ ਪੂਸਾ ਬਾਸਮਤੀ-1847, ਪੂਸਾ ਬਾਸਮਤੀ-1886 ਕਿਸਮਾਂ ਹੁਣ ਉਪਲਬਧ ਹਨ, ਜਿਨ੍ਹਾਂ ਨੂੰ ਬਿਮਾਰੀ ਨਹੀਂ ਲੱਗਦੀ ਅਤੇ ਇਹ ਭਿਆਨਕ ਝੁਲਸ ਤੇ ਭੂਰੜ ਰੋਗ ਤੋਂ ਮੁਕਤ ਹਨ। ਆਈ ਸੀ ਏ ਆਰ-ਭਾਰਤੀ ਖੇਤੀ ਖੋਜ ਸੰਸਥਾਨ ਦੇ ਡਾਇਰੈਕਟਰ ਤੇ ਉਪ ਕੁਲਪਤੀ ਅਤੇ ਬਾਸਮਤੀ ਦੇ ਨਾਮਵਰ ਬਰੀਡਰ ਡਾ. ਅਸ਼ੋਕ ਕੁਮਾਰ ਸਿੰਘ ਅਨੁਸਾਰ ਪੰਜਾਬ 'ਚ ਪੈਦਾ ਕੀਤੀ ਜਾ ਰਹੀ ਬਾਸਮਤੀ ਗੁਣਵੱਤਾ ਵਾਲੀ ਹੈ (ਕੇਵਲ ਕਿਸਾਨਾਂ ਨੂੰ ਬਵਰਜਿਤ ਕੀਟਨਾਸ਼ਕ ਨਹੀਂ ਵਰਤਣੇ ਚਾਹੀਦੇ) ਅਤੇ ਪੰਜਾਬ 'ਚ 8-9 ਲੱਖ ਹੈਕਟੇਅਰ ਰਕਬੇ 'ਤੇ ਬਾਸਮਤੀ ਦੀ ਲਾਹੇਵੰਦ ਕਾਸ਼ਤ ਕੀਤੀ ਜਾ ਸਕਦੀ ਹੈ।

ਫਲਾਂ ਦੀ ਕਾਸ਼ਤ ਥੱਲੇ 96 ਕੁ ਹਜ਼ਾਰ ਹੈਕਟੇਅਰ ਦਾ ਰਕਬਾ ਹੈ। ਜਿਸ ਨੂੰ ਵਧਾਉਣ ਦੀ ਲੋੜ ਹੈ। ਪੰਜਾਬ ਦਾ ਭੌਂਅ ਪਾਣੀ ਫਲਾਂ ਦੀ ਕਾਸ਼ਤ ਲਈ ਅਨੁਕੂਲ ਹੈ। ਕਿੰਨੂ ਇੱਥੇ ਦੀ ਮੁੱਖ ਫਸਲ ਹੈ। ਪ੍ਰੰਤੂ ਇਸ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਅੰਬਾਂ ਦੀ ਕਾਸ਼ਤ ਥੱਲੇ ਰਕਬਾ ਕਾਫੀ ਵਧਾਇਆ ਜਾ ਸਕਦਾ ਹੈ। ਅੰਬਾਂ ਦੀ ਹਾਈਬ੍ਰਿਡ ਮਧਰੀਆਂ ਕਿਸਮਾਂ ਜੋ ਪੂਸਾ ਵੱਲੋਂ ਵਿਕਸਿਤ ਕੀਤੀਆਂ ਗਈਆਂ ਹਨ, ਉਤਪਾਦਕਾਂ ਲਈ ਲਾਹੇਵੰਦ ਸਾਬਤ ਹੋ ਸਕਦੀਆਂ ਹਨ। ਸਬਜ਼ੀਆਂ ਵਿਚ ਆਲੂਆਂ ਦੀ ਫਸਲ ਮੁੱਖ ਹੈ। ਆਲੂਆਂ ਦਾ ਬੀਜ ਵੀ ਪੰਜਾਬ 'ਚ ਪੈਦਾ ਕਰਕੇ ਦੂਜੇ ਰਾਜਾਂ ਨੂੰ ਭੇਜਿਆ ਜਾਂਦਾ ਹੈ। ਪਰ ਜਿਸ ਵੇਲੇ ਆਲੂਆਂ ਦੀ ਫਸਲ ਆਉਂਦੀ ਹੈ, ਉਸ ਵੇਲੇ ਮੰਡੀ 'ਚ ਬੜਾ ਮੰਦਾ ਹੁੰਦਾ ਹੈ ਅਤੇ ਕਿਸਾਨਾਂ ਨੂੰ ਬੜੇ ਘੱਟ ਭਾਅ 'ਤੇ ਆਪਣੀ ਫਸਲ ਵੇਚਣੀ ਪੈਂਦੀ ਹੈ। ਵਪਾਰੀ ਇਸ ਨੂੰ ਸਟੋਰ ਕਰ ਕੇ ਬਾਅਦ ਵਿਚ ਉੱਚੇ ਭਾਅ 'ਤੇ ਫਸਲ ਨੂੰ ਵੇਚ ਕੇ ਖੱਟੀ ਕਰਦੇ ਹਨ। ਸਰਕਾਰ ਨੂੰ ਕਿਸਾਨਾਂ ਲਈ ਠੰਡੀ ਚੇਨ ਦੀਆਂ ਸਹੂਲਤਾਂ ਮੁਹੱਈਆ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਕਿਸਾਨਾਂ ਲਈ ਸਬਜ਼ੀਆਂ ਦੀ ਕਾਸ਼ਤ ਵੀ ਲਾਹੇਵੰਦ ਰਹੇ। ਇਸ ਸਾਲ ਜਿਨ੍ਹਾਂ ਕਿਸਾਨਾਂ ਨੇ ਕੰਪਨੀਆਂ ਨਾਲ ਕੰਟਰੈਕਟ ਕੀਤਾ ਸੀ, ਉਨ੍ਹਾਂ ਨੂੰ ਤਾਂ ਲਾਹੇਵੰਦ ਕੀਮਤ ਮਿਲ ਗਈ ਪਰ ਬਾਕੀ ਕਿਸਾਨਾਂ ਨੂੰ 400 ਰੁਪਏ ਪ੍ਰਤੀ ਕੁਇੰਟਲ ਤੱਕ ਆਪਣੀ ਫਸਲ ਵੇਚਣੀ ਪਈ ਜਦੋਂ ਕਿ ਖਪਤਕਾਰਾਂ ਨੂੰ ਅੱਜਕਲ੍ਹ 2000 ਰੁਪਏ ਪ੍ਰਤੀ ਕੁਇੰਟਲ ਦੇ ਭਾਅ 'ਤੇ ਮੰਡੀ 'ਚ ਆਲੂ ਮਿਲ ਰਿਹਾ ਹੈ।

ਪੰਜਾਬ ਸਰਕਾਰ ਨੂੰ ਖਰੀਫ ਦੀ ਫਸਲ ਲਈ ਯੋਜਨਾਬੰਦੀ ਕਰਦਿਆਂ ਮੁੱਖ ਫਸਲਾਂ ਤੋਂ ਇਲਾਵਾ ਦੂਜੀਆਂ ਬਦਲਵੀਆਂ ਫਸਲਾਂ ਦੀ ਕਾਸ਼ਤ ਲਈ ਕਿਸਾਨਾਂ ਨੂੰ ਸਿਖਲਾਈ, ਗਿਆਨ ਅਤੇ ਮੰਡੀਕਰਨ ਦੀਆਂ ਸਹੂਲਤਾਂ ਮੁਹੱਈਆ ਕਰਨੀਆਂ ਚਾਹੀਦੀਆਂ ਹਨ। ਖੇਤੀ ਖੇਤਰ 'ਚ ਖੜ੍ਹੋਤ ਨਹੀਂ ਆਉਣ ਦੇਣੀ ਚਾਹੀਦੀ। ਇਸ ਦੇ ਵਿਕਾਸ ਨਾਲ ਹੀ ਵਪਾਰ, ਉਦਯੋਗ ਅਤੇ ਰੁਜ਼ਗਾਰ 'ਚ ਵਾਧਾ ਕੀਤਾ ਜਾ ਸਕਦਾ ਹੈ ਅਤੇ ਨੌਜਵਾਨ ਪੀੜ੍ਹੀ ਦਾ ਵਿਦੇਸ਼ਾਂ ਨੂੰ ਜਾਣਾ ਰੋਕਿਆ ਜਾ ਸਕਦਾ ਹੈ। ਕਿਸਾਨਾਂ ਲਈ ਖੇਤੀ ਨੂੰ ਲਾਹੇਵੰਦ ਬਣਾਉਣ ਲਈ ਸਵਾਮੀਨਾਥਨ ਕਮਿਸ਼ਨ ਰਿਪੋਰਟ ਅਨੁਸਾਰ ਫਸਲਾਂ 'ਤੇ ਆਈ ਲਾਗਤ ਤੇ (ਜ਼ਮੀਨ ਅਤੇ ਟੱਬਰ ਵੱਲੋਂ ਕੀਤੀ ਮਜ਼ਦੂਰੀ ਮਿਲਾ ਕੇ) 50 ਪ੍ਰਤੀਸ਼ਤ ਮੁਨਾਫਾ ਦੇ ਕੇ ਫਸਲਾਂ ਦੇ ਘੱਟੋ-ਘੱਟ ਸਮਰਥਨ ਕੁੱਲ ਮੁਕਰਰ ਕਰਨੇ ਚਾਹੀਦੇ ਹਨ।

# ਪੀ.ਏ.ਯੂ. ਤੋਂ ਚਾਨਣ ਲੈ ਕੇ ਕੈਨੇਡਾ ਵਿਚ ਬਲਿਊਬੇਰੀ ਦਾ ਸਫਲ ਕਾਸ਼ਤਕਾਰ ਬਣਿਆ ਗੁਰਪ੍ਰੀਤ ਸਿੰਘ ਬਰਾੜ

ਗੁਰਪ੍ਰੀਤ ਸਿੰਘ ਬਰਾੜ ਨੇ ਪੀ.ਏ.ਯੂ. ਤੋਂ ਬਾਗਬਾਨੀ ਵਿਚ ਐੱਮ ਐਸ ਸੀ ਦੀ ਡਿਗਰੀ ਲਈ ਅਤੇ ਉਹ ਕੈਨੇਡਾ ਦੀ ਧਰਤੀ ਤੇ ਬਲਿਊਬੇਰੀ ਦੇ ਸਫਲ ਕਾਸ਼ਤਕਾਰ ਵਜੋਂ ਜਾਣੇ ਜਾਂਦੇ ਹਨ। ਉਹਨਾਂ ਦਾ ਜੱਦੀ ਪਿੰਡ ਜ਼ਿਲ੍ਹਾ ਮੋਗਾ ਵਿਚ ਮੰਗੇਵਾਲਾ ਹੈ। ਪਰਿਵਾਰ ਦੀ ਵਿਰਾਸਤ ਵਜੋਂ ਖੇਤੀ ਨਾਲ ਜੁੜੇ ਗੁਰਪ੍ਰੀਤ ਸਿੰਘ ਬਰਾੜ ਨੇ ਪਿਛਲੇ ਇਕ ਦਹਾਕੇ ਤੋਂ ਕੈਨੇਡਾ ਨੂੰ ਆਪਣੀ ਕਰਮਭੂਮੀ ਬਣਾਇਆ ਹੈ। ਉਹਨਾਂ ਦੇ ਬਹੁਤੇ ਸਾਥੀ ਕੈਨੇਡਾ ਵਿਚ ਰਹਿ ਕੇ ਸ਼ਹਿਰੀ ਕਾਰੋਬਾਰ ਨਾਲ ਜੁੜੇ ਤਾਂ ਗੁਰਪ੍ਰੀਤ ਸਿੰਘ ਬਰਾੜ ਆਪਣੇ ਖੂਨ ਵਿੱਚ ਧੜਕਦੀ ਖੇਤੀ ਦੀ ਰਵਾਇਤ ਨੂੰ ਲੈ ਕੇ ਸੁਪਨੇ ਸਾਕਾਰ ਕਰਨ ਲਈ ਪੁਸ਼ਤੈਨੀ ਕਿੱਤਾ ਨਵੇਂ ਦੇਸ਼ ਦੇ ਨਵੇਂ ਢੰਗ ਨਾਲ ਜਾਰੀ ਰੱਖ ਰਹੇ ਹਨ। ਉਹਨਾਂ ਨੇ ਵੈਨਕੂਵਰ ਸ਼ਹਿਰ ਨੇੜੇ ਆਪਣਾ ਫਾਰਮ ਬਣਾਇਆ ਜਿਸਦਾ ਰਕਬਾ ਲਗਭਗ 120 ਏਕੜ ਦੇ ਕਰੀਬ ਹੈ। ਇਸੇ ਫਾਰਮ ਤੇ ਉਹ ਬਲੈਕਬੇਰੀ, ਬਲਿਊਬੇਰੀ ਅਤੇ ਰਸਭਰੀ ਦੀ ਸਫਲਤਾ ਨਾਲ ਕਾਸ਼ਤ ਦਾ ਅਧਿਆਏ ਲਿਖ ਰਹੇ ਹਨ।

ਉਹਨਾ ਦੱਸਿਆ ਕਿ ਕੈਨੇਡਾ ਆ ਕੇ ਉਹਨਾਂ ਕੋਲ ਸੌਖੀ ਸ਼ਹਿਰੀ ਜ਼ਿੰਦਗੀ ਜੀਣ ਦਾ ਮੌਕਾ ਸੀ। ਨਾਲ ਹੀ ਇਹ ਵੀ ਸੰਭਵ ਸੀ ਕਿ ਉਹ ਪ੍ਰਾਪਰਟੀ, ਰੈਸਟੋਰੈਂਟ ਜਾਂ ਕਿਸੇ ਹੋਰ ਕਾਰੋਬਾਰ ਨਾਲ ਜੁੜਨ ਪਰ ਉਹਨਾਂ ਨੇ ਜਾਣ ਕੇ ਔਖਾ ਰਸਤਾ ਚੁਣਿਆ। ਸ. ਬਰਾੜ ਚਾਹੁੰਦੇ ਸਨ ਕਿ ਉਹਨਾਂ ਨੇ ਜੋ ਸਿੱਖਿਆ ਪੀ ਏ ਯੂ ਵਰਗੀ ਸੰਸਥਾ ਤੋਂ ਹਾਸਲ ਕੀਤੀ ਹੈ ਉਹ ਖਾਨਾਪੂਰਤੀ ਹੀ ਨਾ ਰਹਿ ਜਾਵੇ ਬਲਕਿ ਉਸਦਾ ਕੋਈ ਲਾਭ ਸਮਾਜ ਨੂੰ ਲਾਜ਼ਮੀ ਤੌਰ ਤੇ ਮਿਲੇ ਇਸ ਲਈ ਉਸ ਬ੍ਰਿਟਿਸ਼ ਕੋਲੰਬੀਆ ਦੀਆਂ ਭੂਗੋਲਿਕ ਚੁਣੌਤੀਆਂ ਦੇ ਸਾਹਮਣੇ ਪੰਜਾਬੀਆਂ ਦੀ ਜਾਣੀ-ਪਛਾਣੀ ਮਿਹਨਤ ਅਤੇ ਸਿਰੜ ਨਾਲ ਡੱਟ ਗਏ। ਅੱਜ ਉਹਨਾਂ ਦਾ ਜ਼ਿਕਰ ਨਵੀਨ ਢੰਗ ਨਾਲ ਖੇਤੀ ਕਰਨ ਵਾਲੇ ਉੱਘੇ ਕਿਸਾਨਾਂ ਵਿਚ ਹੁੰਦਾ ਹੈ। ਪਿਛਲੇ ਦਿਨੀਂ ਜਦੋਂ ਪੰਜਾਬ ਸਰਕਾਰ ਨੇ ਪੀ ਏ ਯੂ ਵਿਖੇ ਐੱਨ ਆਰ ਆਈ ਕਿਸਾਨ ਸੰਮੇਲਣ ਕਰਵਾਇਆ ਤਾਂ ਸ. ਬਰਾੜ ਨੂੰ ਆਪਣੇ ਤਜਰਬੇ ਸਾਂਝੇ ਕਰਨ ਲਈ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਤਾਂ ਜੋ ਪੰਜਾਬ ਦੇ ਕਿਸਾਨ ਉਹਨਾਂ ਦੇ ਵਿਚਾਰਾ ਨਾਲ ਜੁੜ ਕੇ ਖੇਤੀ ਕਿੱਤੇ ਨੂੰ ਭਰਪੂਰ ਕਰ ਸਕਣ। ਸ. ਬਰਾੜ ਨੇ ਦੱਸਿਆ ਕਿ ਕੈਨੇਡਾ ਵਿਚ ਸਰਕਾਰੀ ਸਬਸਿਡੀ ਅਤੇ ਹੋਰ ਇਮਦਾਦ ਨਾ ਹੋਣ ਦੇ ਬਾਵਜੂਦ ਉਹ ਇਸ ਕਾਰਜ ਲਈ ਡੱਟੇ ਰਹੇ। ਇਸ ਦੇ ਬਦਲ ਵਜੋਂ ਉਸਨੇ ਮੰਡੀਕਰਨ ਦਾ ਜੋ ਤਰੀਕਾ ਕੱਢਿਆ ਉਹ ਸਿੱਧਾ ਅਤੇ ਕਿਸਾਨ ਦੀ ਬਜ਼ਾਰ ਵਿਚ ਭਾਗੀਦਾਰੀ ਵਾਲਾ ਸੀ। ਕਾਸ਼ਤ ਲਈ ਕੈਨੇਡਾ ਸਰਕਾਰ ਦੀਆਂ ਕਰੜੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਉਹਨਾਂ ਨੇ ਪੀ ਏ ਯੂ ਤੋਂ ਹਾਸਲ ਕੀਤੇ ਗਿਆਨ ਤੇ ਆਪਣੀ ਟੇਕ ਬਣਾਈ ਰੱਖੀ। ਇਹੀ ਕਾਰਨ ਹੈ ਕਿ ਅੱਜ ਉਹਨਾਂ ਨੂੰ ਦੇਸ਼-ਵਿਦੇਸ਼ ਵਿਚ ਬਾਗਬਾਨੀ ਦੇ ਖੇਤਰ ਵਿਚ ਤਜਰਬੇ ਸਾਂਝੇ ਕਰਨ ਲਈ ਅਤੇ ਕਾਨਫਰੰਸਾਂ ਵਿਚ ਆਪਣੇ ਪੇਪਰ ਪੇਸ਼ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।



ਆਪਣੇ ਕੰਮ ਨੂੰ ਜਥੇਬੰਦਕ ਤਰੀਕੇ ਨਾਲ ਕਰਨ ਲਈ ਗੁਰਪ੍ਰੀਤ ਸਿੰਘ ਬਰਾੜ ਬ੍ਰਿਟਿਸ਼ ਕੋਲੰਬੀਆ ਦੇ ਬਲਿਊਬੇਰੀ ਕਾਸ਼ਤਕਾਰਾਂ ਦੀ ਕੌਂਸਲ ਨਾਲ ਜੁੜੇ ਅਤੇ ਹੁਣ ਉਸਦੇ ਚੇਅਰਮੈਨ ਵਜੋਂ ਸੇਵਾਵਾਂ ਨਿਭਾ ਰਹੇ ਹਨ। ਬਹੁਤ ਸਾਰੇ ਰੁਝੇਵੇਂ ਹੋਣ ਦੇ ਬਾਵਜੂਦ ਅਕਾਦਮਿਕ ਸਿੱਖਿਆ ਨਾਲ ਉਹਨਾਂ ਦਾ ਲਗਾਵ ਲਗਾਤਾਰ ਬਣਿਆ ਹੋਇਆ ਹੈ। ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਤੋਂ ਹੀ ਉਹਨਾਂ ਨੇ ਪੀ ਐੱਚ ਡੀ ਖੋਜ ਲਈ ਬਲਿਊਬੇਰੀ ਨਾਲ ਸੰਬੰਧਤ ਵਿਸ਼ੇ ਨੂੰ ਚੁਣਿਆ ਹੈ।

ਖੇਤ ਵਿਚ ਕੰਮ ਕਰਨ ਤੋਂ ਲੈ ਕੇ ਫਲ ਦੀ ਤੁੜਾਈ ਅਤੇ ਵਿਕਰੀ ਤੱਕ ਹਰ ਪੱਖ ਨਾਲ ਜੁੜੇ ਰਹਿੰਦੇ ਸ. ਗੁਰਪ੍ਰੀਤ ਸਿੰਘ ਬਰਾੜ ਕੰਮ ਨੂੰ ਚੰਗੀ ਮਾਨਸਿਕ ਸਿਹਤ ਦਾ ਅਧਾਰ ਮੰਨਦੇ ਹਨ। ਇਸਦੇ ਨਾਲ ਹੀ ਆਪਣੀ ਮੁੱਢਲੀ ਸੰਸਥਾ ਪੀ ਏ ਯੂ ਤੋਂ ਗ੍ਰਹਿਣ ਕੀਤੇ ਸਮੁੱਚੇ ਗਿਆਨ ਲਈ ਉੱਥੋਂ ਦੇ ਅਧਿਆਪਕਾਂ ਅਤੇ ਅਧਿਕਾਰੀਆਂ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਨ। ਗੁਰੂ ਨਾਨਕ ਸਾਹਿਬ ਦੇ ਹੱਥੀਂ ਕਾਰ ਦੇ ਸੰਦੇਸ਼ ਨੂੰ ਜ਼ਿੰਦਗੀ ਵਿਚ ਸੰਜੋਅ ਕੇ ਉੱਤਮ ਖੇਤੀ' ਦੇ ਨਾਅਰੇ ਨੂੰ ਸਕਾਰ ਕਰਦਾ ਇਹ ਕਿਸਾਨ ਵਿਦੇਸ਼ ਵਿਚ ਪੀ ਏ ਯੂ ਦੇ ਵਿਗਿਆਨਕ ਖੇਤੀ ਦੇ ਸੁਨੇਹੇ ਦਾ ਪਸਾਰ ਕਰ ਰਿਹਾ ਹੈ।

**ਜਗਵਿੰਦਰ ਸਿੰਘ ਅਤੇ ਤੇਜਿੰਦਰ ਸਿੰਘ ਰਿਆੜ, ਸੰਚਾਰ ਕੇਂਦਰ**
**ਮੋ. 94654-64502**



# ਡਿੱਗਦਾ ਪਾਣੀ ਦਾ ਪੱਧਰ

## ਮੀਂਹ ਤੇ ਹੜ੍ਹ ਦੇ ਪਾਣੀ ਦੀ ਸੰਭਾਲ ਹੋਵੇ

ਐੱਸ ਕੇ ਮਿੱਤਲ

ਜੇ ਬਹੁਤ ਮੀਂਹ ਪੈਂਦਾ ਹੈ (ਸਾਨੂੰ ਸੋਕੇ ਦੀ ਸਥਿਤੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ), ਤਾਂ ਕਦੀ-ਕਦੀ ਤਬਾਹੀ ਅਤੇ ਹੜ੍ਹ ਦਾ ਕਾਰਨ ਬਣਦਾ ਹੈ। ਵੱਖ-ਵੱਖ ਨੱਕੋ-ਨੱਕ ਭਰੇ ਡੈਮਾਂ ਤੋਂ ਭਾਰੀ ਮਾਤਰਾ 'ਚ ਪਾਣੀ ਛੱਡਣਾ ਪੈਂਦਾ ਹੈ। ਇਹ ਸਾਰਾ ਪਾਣੀ ਜਾਂ ਤਾਂ ਬਰਬਾਦ ਹੋ ਜਾਂਦਾ ਹੈ ਜਾਂ ਫਿਰ ਸਮੁੰਦਰ 'ਚ ਚਲਾ ਜਾਂਦਾ ਹੈ, ਜਿਸ ਦਾ ਪੱਧਰ ਪਹਿਲਾਂ ਤੋਂ ਹੀ ਕਾਫੀ ਉੱਚਾ ਹੈ।

ਇਸ ਦੇ ਉਲਟ, ਪੰਜਾਬ ਅਤੇ ਕੁਝ ਹੋਰ ਖੇਤਰਾਂ 'ਚ ਹਰ ਸਾਲ ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਸਲ 'ਚ ਹੜ੍ਹ ਪ੍ਰਮਾਤਮਾ ਦਾ ਇਕ ਆਨੰਦਮਈ ਅਤੇ ਲੁਕਿਆ ਹੋਇਆ ਤੋਹਫਾ ਹੈ। ਅਸੀਂ ਬੁਰਿਆਈ 'ਚੋਂ ਚੰਗਿਆਈ ਕੱਢਣੀ ਹੈ। ਮੀਂਹ ਦਾ ਪਾਣੀ ਆਪਣੇ ਨਾਲ ਬਹੁਤ ਸਾਰੇ ਖਣਿਜ ਪਦਾਰਥ ਵੀ ਲਿਆਉਂਦਾ ਹੈ, ਜੋ ਜ਼ਮੀਨ ਨੂੰ ਵਧੇਰੇ ਉਪਜਾਊ ਬਣਾਉਂਦੇ ਹਨ। ਸਾਨੂੰ ਇਸ ਦੀ ਵਰਤੋਂ ਕਰਨ ਦੀ ਲੋੜ ਹੈ। ਹੜ੍ਹ ਕਾਰਨ ਭਾਰੀ ਤਬਾਹੀ ਪਿੱਛੋਂ ਵੀ ਦੇਸ਼, ਰਾਜ ਅਤੇ ਸਬੰਧਤ ਖੇਤਰ ਦੀ ਅਰਥਵਿਵਸਥਾ ਨੂੰ ਲਾਭ ਹੁੰਦਾ ਹੈ। ਪਾਣੀ ਦਾ ਪੱਧਰ ਵਧਦਾ ਹੈ। ਨੀਲ-ਨਦੀ ਇਸ ਦੀ ਉਦਾਹਰਣ ਹੈ।

ਸਰਕਾਰ ਵਲੋਂ ਵੋਟਰਾਂ ਨੂੰ ਖੁਸ਼ ਅਤੇ ਸੰਤੁਸ਼ਟ ਕਰਨ ਲਈ ਬੇਤੁਕੀਆਂ ਯੋਜਨਾਵਾਂ 'ਤੇ ਬਹੁਤ ਸਾਰਾ ਪੈਸਾ ਖਰਚ ਕੀਤਾ ਜਾਂਦਾ ਹੈ ਅਤੇ ਉਸ ਰਾਹੀਂ ਪੈਸਾ ਕਮਾਇਆ ਜਾਂਦਾ ਹੈ। ਜੇ ਮੀਂਹ ਦੇ ਪਾਣੀ ਨਾਲ ਸਿੰਚਾਈ ਦੀ ਪ੍ਰਣਾਲੀ, ਧਰਤੀ 'ਚ ਬੋਰਿੰਗ, ਆਮ ਜ਼ਮੀਨ 'ਚ ਖੂਹ ਅਤੇ ਤਲਾਬ ਪੁੱਟਣ ਆਦਿ ਦੀ ਮਦਦ ਨਾਲ ਇਸ ਵਾਧੂ ਪਾਣੀ ਨੂੰ ਵਾਪਸ ਧਰਤੀ 'ਚ ਪਾਉਣ ਲਈ ਯੋਜਨਾਵਾਂ ਸ਼ੁਰੂ ਕੀਤੀਆਂ ਜਾਣ ਤਾਂ ਪਾਣੀ ਦੇ ਪੱਧਰ ਨੂੰ ਵਧਾਇਆ ਜਾ ਸਕਦਾ ਹੈ ਅਤੇ ਹੜ੍ਹ ਵਰਗੀ ਆਫਤ ਨੂੰ ਘੱਟ ਕੀਤਾ ਜਾ ਸਕਦਾ ਹੈ, ਇਸ ਨੂੰ ਟਾਲਣਾ ਤਾਂ ਸੰਭਵ ਨਹੀਂ ਹੈ। ਇਸ ਸਭ ਲਈ ਵਧੇਰੇ ਪੈਸਿਆਂ ਦੀ ਲੋੜ ਨਹੀਂ ਹੋਵੇਗੀ। ਸਿਰਫ 15-20 ਫੁੱਟ ਦੀ ਖੁਦਾਈ ਤੋਂ ਬਾਅਦ ਧਰਤੀ ਭਾਰੀ ਮਾਤਰਾ 'ਚ ਪਾਣੀ ਆਪਣੇ ਅੰਦਰ ਸਮਾ ਸਕਦੀ ਹੈ। ਅਸੀਂ ਲੋਕਾਂ ਨੂੰ ਉਤਸ਼ਾਹਿਤ ਕਰ ਕੇ ਅਤੇ ਸਰਕਾਰ ਨੂੰ ਇਸ ਲਈ ਜਾਗਰੂਕ ਕਰ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਾਣੀ ਦੀ ਸੰਭਾਲ ਦਾ ਤੋਹਫਾ ਦੇ ਸਕਦੇ ਹਾਂ। ਲੋਕਾਂ ਨੂੰ ਘੱਟ ਪਾਣੀ ਦੀ ਖਪਤ ਲਈ ਸਮਝਾਉਣਾ ਔਖਾ ਹੈ ਪਰ ਵਾਧੂ ਪਾਣੀ ਦੀ ਸੰਭਾਲ ਲਈ ਸਮਝਾਉਣਾ ਤੁਲਨਾ 'ਚ ਸੌਖਾ ਹੈ। ਪੰਜਾਬ ਦੇ ਵਧੇਰੇ ਜ਼ਿਲ੍ਹਿਆਂ ਲਈ ਝੋਨਾ ਕਦੀ ਵੀ ਢੁੱਕਵੀਂ ਫਸਲ ਨਹੀਂ ਸੀ। ਝੋਨਾ, ਯੂਕੇਲਿਪਟਸ (ਸਫੈਦਾ) ਅਤੇ ਚਿਨਾਰ ਧਰਤੀ ਤੋਂ ਬਹੁਤ ਵਧੇਰੇ ਪਾਣੀ ਖਿੱਚਦੇ ਹਨ। ਕੁਝ ਜਾਗਰੂਕ ਲੋਕ ਪਹਿਲੇ ਦਿਨ ਤੋਂ ਹੀ ਇਨ੍ਹਾਂ ਰੁੱਖਾਂ ਦੀ ਖੇਤੀ ਦੇ ਵਿਰੁੱਧ ਸਨ ਪਰ ਲੋਕ ਨਿੱਜੀ ਸਵਾਰਥਾਂ ਲਈ ਅਜਿਹਾ ਕਰਨ ਤੋਂ ਬਾਜ਼ ਨਹੀਂ ਆਏ। ਹੁਣ ਜਦੋਂ ਅਸੀਂ ਪਾਣੀ ਦੀ ਘੱਟ ਵਰਤੋਂ ਕਰਨ ਅਤੇ ਬਚਾਉਣ ਦੀ ਗੱਲ ਕਰਦੇ ਹਾਂ ਤਾਂ ਕੋਈ ਧਿਆਨ ਨਹੀਂ ਦਿੰਦਾ।

ਇਕੋ-ਇਕ ਸੰਭਾਵਨਾ ਅਤੇ ਵਿਵਹਾਰਤਾ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਇਸ ਦੀ ਸੰਭਾਲ ਲਈ ਰਾਜ਼ੀ ਕਰੀਏ। ਮੌਜੂਦਾ 'ਕੱਚੇ' ਤਲਾਬਾਂ ਨੂੰ ਸਮੁੱਚੇ ਢੰਗ ਨਾਲ ਚੌੜਾ ਅਤੇ ਡੂੰਘਾ ਕੀਤਾ ਜਾ ਸਕਦਾ ਹੈ ਜਾਂ ਦਰਮਿਆਨ 'ਚ 15-20 ਫੁੱਟ ਡੂੰਘੀ ਖਾਈ ਖੋਦੀ ਜਾ ਸਕਦੀ ਹੈ ਜੋ ਢੁੱਕਵੀਂ ਹੋਵੇਗੀ ਅਤੇ ਮੰਤਵ ਨੂੰ ਬਰਾਬਰ ਢੰਗ ਨਾਲ ਪੂਰਾ ਕਰੇਗੀ। ਨਵੇਂ ਤਲਾਬ ਜਨਤਕ ਜ਼ਮੀਨ 'ਤੇ ਵੀ ਪੁਟੇ ਜਾ ਸਕਦੇ ਹਨ। ਕਿਸਾਨ ਖੇਤਾਂ 'ਚ 'ਕੱਚੀ ਖੂਈ' (ਛੋਟੇ ਖੂਹ) ਖੋਦ ਸਕਦੇ ਹਨ। ਮਿੱਟੀ ਦੀ ਗੁਣਵੱਤਾ ਦੇ ਆਧਾਰ 'ਤੇ ਸਿਰਫ 3-4 ਫੁੱਟ ਘੇਰੇ ਦਾ ਅਤੇ ਰੇਤ ਸ਼ੁਰੂ ਹੋਣ 'ਤੇ 15-20 ਫੁੱਟ ਡੂੰਘਾ 'ਕੱਚਾ' ਖੂਹ ਵਾਧੂ ਪਾਣੀ ਨੂੰ ਸਮੇਟਣ, ਜਜ਼ਬ ਕਰਨ ਅਤੇ ਜਮ੍ਹਾ ਕਰਨ 'ਚ ਚਮਤਕਾਰ ਦਿਖਾ ਸਕਦਾ ਹੈ।

ਜੇ ਢੁੱਕਵੀਂ ਦੇਖਭਾਲ ਕੀਤੀ ਜਾਵੇ ਤਾਂ 3-4 ਫੁੱਟ ਘੇਰੇ ਵਾਲੇ ਖੂਹ ਦੇ ਮਾਮਲੇ 'ਚ ਮਿੱਟੀ ਖਿਸਕਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਇਕੋ-ਇਕ ਸਾਵਧਾਨੀ ਇਹ ਵਰਤਣੀ ਹੁੰਦੀ ਹੈ ਕਿ ਇਸ ਦੇ ਆਲੇ-ਦੁਆਲੇ ਵਾੜ ਲਾ ਦਿੱਤੀ ਜਾਵੇ। ਮਿੱਟੀ ਨੂੰ ਫੜਨ ਲਈ ਕਿਨਾਰਿਆਂ ਅਤੇ ਚਾਰਦੀਵਾਰੀ ਨੂੰ ਇੱਟਾਂ ਦੀਆਂ ਸਿਰਫ 2-3 ਕਤਾਰਾਂ ਦੀ ਇਕ ਪਰਤ ਦੀ ਲੋੜ ਹੁੰਦੀ ਹੈ। ਵੱਧ ਤੋਂ ਵੱਧ ਸਮੇਂ ਨਾਲ ਖੂਹ ਨੂੰ ਭਰ ਦਿੱਤਾ ਜਾਵੇਗਾ ਅਤੇ ਦਬਾਅ ਦਿੱਤਾ ਜਾਵੇਗਾ। ਪਰ ਆਸਪਾਸ ਦੀ ਜ਼ਮੀਨ ਵਧੇਰੇ ਉਪਜਾਊ ਹੋ ਜਾਵੇਗੀ ਅਤੇ ਤੁਲਨਾ 'ਚ ਵਧੇਰੇ ਨਮੀ ਵਾਲੀ ਅਤੇ ਨਮੀਂ ਵਾਲੀ ਅਤੇ ਤਰ ਬਣੀ ਰਹੇਗੀ। ਉਸ ਹਾਲਤ 'ਚ ਅਸੀਂ ਇਕ ਨਵੇਂ ਖੂਹ ਲਈ ਜਾ ਸਕਦੇ ਹਾਂ ਇਸ ਸਰਗਰਮੀ ਲਈ ਬਹੁਤ ਘੱਟ ਖਰਚ ਕਰਨ ਦੀ ਲੋੜ ਹੁੰਦੀ ਹੈ। ਇਸ ਨੂੰ ਸਿਰਫ 3 ਲੋਕ ਅੱਧੇ ਦਿਨ 'ਚ ਹੀ ਖੋਦ ਸਕਦੇ ਹਨ। ਮਨਰੇਗਾ ਅਧੀਨ ਮਜ਼ਦੂਰਾਂ ਨੂੰ ਯੋਜਨਾਵਾਂ 'ਚ ਡੈਪੂਟੇਸ਼ਨ 'ਤੇ ਰੱਖਿਆ ਜਾ ਸਕਦਾ ਹੈ।

ਕਿਸਾਨ ਨੂੰ ਸਿਖਿਅਤ, ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਜਿਸ 'ਚ ਬਹੁਤ ਘੱਟ ਰਕਮ ਸ਼ਾਮਲ ਹੋਵੇ ਸਰਕਾਰ ਵੱਲੋਂ ਨਦੀਆਂ ਨੂੰ ਸਾਫ ਕਰਨ ਲਈ ਵੱਡੀ ਰਕਮ ਵਾਲੀਆਂ ਕਈ ਯੋਜਨਾਵਾਂ ਸ਼ੁਰੂ ਕੀਤੀਆਂ ਸਰਕਾਰ ਨੂੰ ਵੀ ਜਗਾਇਆ ਜਾ ਸਕਦਾ ਹੈ। ਮੰਨ ਲਓ ਅਸੀਂ ਬਹੁਤ ਖੁਸ਼ਹਾਲ ਹਾਂ ਅਤੇ ਸਾਡੇ ਕੋਲ ਬਹੁਤ ਸਾਰਾ ਸੋਨਾ, ਹੀਰੇ ਅਤੇ ਹਰ ਕੀਮਤੀ ਅਤੇ ਭੋਗ ਵਿਲਾਸ ਵਾਲੀ ਵਸਤੂ ਹੈ ਪਰ ਪੀਣ ਲਈ ਪਾਣੀ ਨਹੀਂ ਹੈ ਤਾਂ ਸਾਡੇ ਲਈ ਸਭ ਭੌਤਿਕ ਚੀਜ਼ਾਂ ਦਾ ਕੀ ਮਤਲਬ ਹੋਵੇਗਾ?

ਮੈਂ ਕੋਈ ਮਾਹਿਰ ਨਹੀਂ ਸਗੋਂ ਇਕ ਜਾਗਰੂਕ ਨਾਗਰਿਕ ਹਾਂ, ਹੋ ਸਕਦਾ ਹੈ ਮੇਰੀ ਰਾਇ ਸਹੀ ਨਾ ਹੋਵੇ ਪਰ ਆਉਣ ਵਾਲੀਆਂ ਪੀੜ੍ਹੀਆਂ ਦੇ ਵਿਆਪਕ ਹਿੱਤਾਂ 'ਚ ਅਤੇ ਡਿੱਗਦੇ ਜਲ ਪੱਧਰ ਦੇ ਮੌਜੂਦਾ ਦ੍ਰਿਸ਼ ਨੂੰ ਦੇਖਦੇ ਹੋਏ ਮੀਂਹ ਅਤੇ ਹੜ੍ਹ ਦੇ ਪਾਣੀ ਦੀ ਸੰਭਾਲ 'ਤੇ ਵਿਆਪਕ ਕੰਮ ਕਰਨ ਦੀ ਲੋੜ ਹੈ, ਜਿਸ ਨੂੰ ਜੇ ਗੰਭੀਰਤਾ ਨਾਲ ਨਾ ਨਜਿੱਠਿਆ ਗਿਆ ਅਤੇ ਈਮਾਨਦਾਰੀ ਨਾਲ ਸਾਡੇ ਸਮੁੱਚੇ ਹਿੱਤ ਬਾਰੇ ਨਾ ਸੋਚਿਆ ਗਿਆ ਤਾਂ ਇਹ ਖਤਰਨਾਕ ਸਾਬਤ ਹੋ ਸਕਦਾ ਹੈ।

# ਅਲੋਪ ਹੋ ਰਹੇ ਰੁੱਖ, ਪੁਰਾਤਨ ਗੀਤ ਅਤੇ ਸਾਵਣ

ਗੁਰਮੁੱਖ ਸਿੰਘ ਲਾਲੀ (ਸਟੇਟ ਐਵਾਰਡੀ), ਪੁਰਾਤਨ ਸੰਗੀਤਕ ਲਾਇਬ੍ਰੇਰੀ,
ਪਿੰਡ ਤੇ ਡਾਕ: ਸ਼ੇਰ ਸਿੰਘ ਪੁਰਾ (ਬਰਨਾਲਾ)। ਮੋ. 98720-29407

ਦੁਨੀਆਂ ਭਰ ਦੇ ਬਨਸਪਤੀ ਵਿਗਿਆਨੀ ਇਸ ਨਿਰਣੇ 'ਤੇ ਪਹੁੰਚੇ ਹਨ ਕਿ ਕਿਸੇ ਖਿੱਤੇ ਵਿਚ ਜੀਵਾਂ, ਪਸ਼ੂ-ਪੰਛੀਆਂ ਅਤੇ ਮਨੁੱਖਾਂ ਦੇ ਰਹਿਣ ਲਈ ਉਸ ਥਾਂ ਉੱਤੇ 33 ਫੀਸਦੀ ਰੁੱਖ ਹੋਣੇ ਜ਼ਰੂਰੀ ਹਨ। ਰੁੱਖਾਂ ਦਾ ਘਾਟਾ ਵਾਤਾਵਰਨ ਦੇ ਦੂਸ਼ਿਤ ਹੋਣ ਵਿਚ ਮੁੱਖ ਰੋਲ ਅਦਾ ਕਰਦਾ ਹੈ। ਉੱਤਰੀ ਭਾਰਤ ਵਿੱਚੋਂ ਅੱਜਕਲ੍ਹ ਰੰਗਲਾ ਪੰਜਾਬ ਸਭ ਤੋਂ ਵਧ ਦੂਸ਼ਿਤ ਪ੍ਰਦੇਸ਼ ਹੈ। ਮੁੱਖ ਕਾਰਨ ਦੋ ਹਨ ਪਹਿਲਾ ਰੁੱਖਾਂ ਦੀ ਬੇਹੱਦ ਘਾਟ, ਦੂਜਾ ਮਨੁੱਖਾਂ ਦੁਆਰਾ ਕੁਦਰਤੀ ਸਰੋਤਾਂ ਵਿਚ ਸੁੱਟੀ ਗਈ ਗੰਦਗੀ। ਇਸ ਦੇ ਨਾਲ-ਨਾਲ ਫਸਲਾਂ ਉੱਪਰ ਕੈਮੀਕਲਾਂ ਦਾ ਛਿੜਕਾਅ ਅਤੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਲਗਾਈ ਅੱਗ ਨੂੰ ਵੀ ਇਸੇ ਲੜੀ ਤਹਿਤ ਵੇਖਿਆ ਜਾ ਸਕਦਾ ਹੈ।

ਸੰਗੀਤ ਨਾਲ ਮਨੁੱਖ ਦੀ ਸਾਂਝ ਮੁੱਢ-ਕਦੀਮ ਤੋਂ ਹੈ। ਜੇਕਰ ਕਿਸੇ ਦੇਸ਼ ਜਾਂ ਪ੍ਰਦੇਸ਼ ਦੇ ਕਿਸੇ ਸਮੇਂ ਦੀ ਆਰਥਿਕ, ਸਮਾਜਿਕ, ਕਿੱਤੇ ਪਹਿਰਾਵੇ, ਵਾਤਾਵਰਨ ਬਾਰੇ ਜਾਣਕਾਰੀ ਹਾਸਲ ਕਰਨੀ ਹੋਵੇ ਤਾਂ ਉੱਥੋਂ ਦੇ ਇਕ ਦਹਾਕੇ ਦੇ ਗੀਤਾਂ ਨੂੰ ਸੁਣ ਕੇ ਸਾਰੀ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

ਸਾਉਣ ਦਾ ਮਹੀਨਾ ਜੀਵ-ਜੰਤੂਆਂ, ਮਨੁੱਖਾਂ, ਬਨਸਪਤੀ ਤੇ ਮੌਲਣ ਤੇ ਵਿਗਸਣ ਦਾ ਮਹੀਨਾ ਹੁੰਦਾ ਹੈ। ਇਸ ਵਿਚ ਡੱਡੂਆਂ ਦੀ ਟੈਂਅ-ਟੈਂਅ, ਪਪੀਹੇ ਦੀ ਪੀਂ...ਪੀਂ...., ਮੋਰਾਂ ਦੀ ਕਿਆਓਂ-ਕਿਆਓਂ, ਕੋਇਲ ਦੀ ਕੂ-ਕੂ ਮਨੁੱਖੀ ਮਨ ਨੂੰ ਮੰਤਰ-ਮੁਗਧ ਕਰ ਦਿੰਦੀ ਹੈ। ਪੰਜਾਬ ਵਿਚ ਪਹਿਲਾਂ ਵੀ ਕਾਲੀਆਂ ਘਟਾਵਾਂ ਚੜ੍ਹਦੀਆਂ ਰਹੀਆਂ ਹਨ, ਛਮ-ਛਮ ਮੀਂਹ ਵਰਸਦੇ ਹਨ। ਹੁਣ ਰੁੱਖਾਂ ਦੀ ਅਣਹੋਂਦ ਹੈ। ਪੰਜਾਬ ਵਿਚ ਨਵੇਂ ਰੁੱਖ ਨਹੀਂ ਲੱਗ ਰਹੇ, ਪੁਰਾਣੇ ਬੇਰਹਿਮੀ ਨਾਲ ਕੱਟੇ ਜਾ ਰਹੇ ਹਨ। ਸਾਉਣ ਦੇ ਇਸ ਖੁਸ਼ਗਵਾਰ ਮਹੀਨੇ ਵਿਚ ਅਸੀਂ ਇਸ ਲੇਖ ਰਾਹੀਂ ਪੰਜਾਬ ਦੇ ਉਨ੍ਹਾਂ ਰੁੱਖਾਂ ਦਾ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਦੀ ਪੁਰਾਤਨ ਪੰਜਾਬੀ ਸੰਗੀਤ ਵਿਚ



ਭਰਪੂਰ ਹਾਜ਼ਰੀ ਲੱਗੀ ਸੀ। ਪਰ ਅੱਜਕਲ੍ਹ ਪੰਜਾਬ ਵਿਚੋਂ ਜਾਂ ਤਾਂ ਅਲੋਪ ਹੋ ਚੁੱਕੇ ਹਨ ਜਾਂ ਖਾਤਮੇ ਦੇ ਕੰਢੇ 'ਤੇ ਖੜ੍ਹੇ ਹਨ।

ਅਸੀਂ ਸ਼ੁਰੂਆਤ ਵਣ ਦੇ ਰੁੱਖ ਤੋਂ ਕਰ ਰਹੇ ਹਾਂ, ਜੋ ਲਗਭਗ ਅਲੋਪ ਹੋਣ ਕਿਨਾਰੇ ਹੈ। ਇਹ ਖੁਸ਼ਕ ਅਤੇ ਮਾਰੂ ਇਲਾਕੇ ਦਾ ਰੁੱਖ ਹੈ। ਇਸ ਨੂੰ ਪੀਲਾਂ ਜਾਂ ਪੀਲੂ ਨਾਂਅ ਦਾ ਫਲ ਲਗਦਾ ਸੀ, ਜਿਸ ਨੂੰ ਖਾਣ ਦਾ ਵੱਲ ਸਿੱਖਣਾ ਪੈਂਦਾ ਸੀ। ਇਸ ਸੰਬੰਧੀ ਜੋ ਪੁਰਾਤਨ ਗੀਤ ਸਾਡੇ ਕੋਲ ਹਨ, ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਮੁਹੰਮਦ ਸਦੀਕ-ਰਣਜੀਤ ਕੌਰ ਦੇ ਦੋਗਾਣੇ ਦਾ ਜ਼ਿਕਰ ਕਰ ਰਹੇ ਹਾਂ, ਜਿਸ ਦੇ ਬੋਲ ਸਨ :

ਵਣ ਵਿਚ ਬੋਲੇ ਕੋਚਰੀ ਤੇ ਵਣ ਵਿਚ ਬੋਲੇ ਬਿੰਡਾ
ਦਿਲ ਦੀ ਘੁੰਡੀ ਖੋਲ੍ਹ ਪਪੀਹਾ ਗਾਲ੍ਹਾ ਕਾਹਨੂੰ ਦਿੰਦਾ।

ਪ੍ਰਸਿੱਧ ਗਾਇਕ ਹਰਚਰਨ ਗਰੇਵਾਲ ਅਤੇ ਸੁਰਿੰਦਰ ਕੌਰ ਦਾ ਇਸ ਰੁੱਖ ਸੰਬੰਧੀ ਇਕ ਰਿਕਾਰਡ ਗੀਤ ਹੈ :

ਵਣ ਵਿਚ ਬੋਲੇ ਕੋਚਰੀ ਤੇ ਵਣ ਵਿਚ ਬੋਲੇ ਬਿੰਡਾ
ਘਸੁੰਣ ਜਿਹੇ ਦੀ ਮਿਨਤ ਕਰਾਂ, ਮੈਨੂੰ ਪੇਕੇ ਜਾਣ ਨਹੀਂ ਦਿੰਦਾ।

ਸਰੂ ਇਕ ਅਜਿਹਾ ਪੁਰਾਤਨ ਰੁੱਖ ਹੈ, ਜਿਸ ਦੀ ਲੰਬਾਈ ਬਹੁਤ ਜ਼ਿਆਦਾ ਹੁੰਦੀ ਸੀ। ਇਸ ਰੁੱਖ ਦੇ ਨਾਂ ਦੀ ਵਰਤੋਂ ਉੱਚੇ-ਲੰਮੇਂ ਮੁੰਡੇ-ਕੁੜੀਆਂ ਨਾਲ ਕੀਤੀ ਜਾਂਦੀ ਸੀ। ਮਾਲਵੇ ਵਿਚ ਉੱਚੇ ਅਹੁਦੇ ਉੱਪਰ ਬੈਠੇ ਅਧਿਕਾਰੀਆਂ ਲਈ ਵੀ ਇਸ ਦੇ ਨਾਂਅ ਦੀ ਵਰਤੋਂ ਕੀਤੀ ਜਾਂਦੀ ਸੀ, ਜਦੋਂ ਉਹ ਆਮ ਲੋਕਾਈ ਦੇ ਕੰਮ-ਧੰਦੇ ਨਹੀਂ ਕਰਦੇ। ਉਨ੍ਹਾਂ ਲੀਡਰਾਂ, ਅਧਿਕਾਰੀਆਂ ਨੂੰ 'ਸਰੂ' ਜਾਂ ਦਰਸ਼ਨੀ ਘੋੜਾ ਆਖਿਆ ਜਾਂਦਾ ਸੀ। ਇਸ ਰੁੱਖ ਸੰਬੰਧੀ ਜੋ ਗੀਤ ਉਪਲੱਬਧ ਹੈ, ਉਹ ਇਕ ਬੰਗਾਲਣ ਗਾਇਕਾ ਗਾਇਤਰੀ ਬੋਸ ਨੇ ਇਕ ਪੰਜਾਬੀ ਫਿਲਮ 'ਨਿੱਕੀ' ਵਿਚ ਗਾਇਆ ਸੀ। ਬੋਲ ਸਨ :

ਮਾਹੀ ਹੁੰਦਾ ਜੇ ਸਰੂ ਦਾ ਬੂਟਾ, ਬੱਲੇ ਬੱਲੇ।
ਵਿਹੜੇ ਵਿਚ ਲਾਈ ਰੱਖਦੀ, ਬੱਲੇ ਬੱਲੇ।

ਇਕ ਪੰਜਾਬੀ ਦੋਗਾਣਾ ਲਾਊਡ ਸਪੀਕਰਾਂ 'ਤੇ ਖੂਬ ਵੱਜਿਆ, ਗਾਇਕ ਸੀ ਫਕੀਰ ਸਿੰਘ ਫਕੀਰ ਅਤੇ ਨਰਿੰਦਰ ਬੀਬਾ ਜੀ, ਲਫਜ਼ ਸਨ :

ਸਰੂ ਜਿਹੀ ਨਾਰ ਤੂੰ ਲਿਆਦੇ ਭਾਬੀਏ।
ਨੀ ਮੁੰਡੇ ਪਿੰਡ ਦੇ ਵਿਆਹੇ ਗਏ ਸਾਰੇ।

ਕਰੀਰ ਪੰਜਾਬ ਦਾ ਪੁਰਾਤਨ ਰੁੱਖ ਸੀ। ਇਸ ਨੂੰ ਡੇਲੇ ਲਗਦੇ ਸਨ ਜੋ ਆਚਾਰ ਦੇ ਕੰਮ ਆਉਂਦੇ ਸਨ। ਇਸ ਉੱਪਰ ਸੇਵੀਆਂ ਸੁਕਾਈਆਂ ਜਾਂਦੀਆਂ ਸਨ। ਪੰਜਾਬੀ ਗਾਇਕਾ ਨਰਿੰਦਰ ਬੀਬਾ ਦਾ ਪ੍ਰਸਿੱਧ ਗੀਤ ਸੀ ਅਲਫਾਜ਼ ਸਨ :

ਕਰੀਰ ਦਾ ਵੇਲਣਾ ਮੈਂ ਵੇਲ ਵੇਲ ਥੱਕੀ।

ਇਸ ਰੁੱਖ ਸੰਬੰਧੀ ਇਕ ਹੋਰ ਦੋਗਾਣਾ ਹਰਚਰਨ ਗਰੇਵਾਲ ਅਤੇ ਸੁਰਿੰਦਰ ਕੌਰ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸੀ, ਬੋਲ ਸਨ :

ਬੈਠ ਕੇ ਇੱਕਲੇ, ਗੰਢ ਉਮਰਾਂ ਦੀ ਪਾਈ।
ਬਹਿ ਕੇ ਛਾਵੇਂ ਕਰੀਰ ਦੇ ਦੋਸਤੀ ਲਾਈ।

ਲਸੂੜਾ ਵੀ ਮੁੱਢੋਂ-ਸੁੱਢੋਂ ਪੰਜਾਬ ਨਾਲ ਜੁੜਿਆ ਰਿਹਾ ਹੈ। ਇਸ ਰੁੱਖ ਵਿਚ ਕਈ ਗੁਣ ਸਨ। ਇਸ ਦੀਆਂ ਦੋ ਨਸਲਾਂ ਹਨ ਦੇਸੀ ਲਸੂੜਾ ਅਤੇ ਕਾਬਲੀ ਲਸੂੜਾ। ਪੁਰਾਤਨ ਸਮੇਂ ਇਹ ਪੰਜਾਬ ਦੇ ਬੱਚਿਆਂ ਦਾ ਮਨਭਾਉਂਦਾ ਫਲ ਸੀ, ਕਿਤਾਬ ਜੋੜਨ ਲਈ ਗੂੰਦ ਦਾ ਕੰਮ ਦਿੰਦਾ ਸੀ। ਰਾਜਸਥਾਨ, ਹਿਮਾਚਲ, ਹਰਿਆਣਾ ਵਿਚ ਇਸ ਦੀ ਸਬਜ਼ੀ ਅਤੇ ਆਚਾਰ ਬਣਾਇਆ ਜਾਂਦਾ ਸੀ। ਇਹ ਦਾ ਦੇਸੀ ਦਵਾਈਆਂ ਵਿਚ ਸ਼ੁਮਾਰ ਹੈ। ਇਸ ਤੋਂ ਕਈ ਸੰਗੀਤਕ ਸਾਜ਼ ਬਣਦੇ ਹਨ। ਇਸ ਨੂੰ ਪਿੰਡਾਂ ਵਿਚ ਲਸੂੜਾ ਵੀ ਕਿਹਾ ਜਾਂਦਾ ਹੈ। ਮੁਹੰਮਦ ਸਦੀਕ ਅਤੇ ਨਰਿੰਦਰ ਬੀਬਾ ਦਾ ਇਕ ਦੋਗਾਣਾ ਮੌਜੂਦ ਹੈ :

ਨਰਿੰਦਰ ਬੀਬਾ ਕਹਿੰਦੀ ਹੈ:
ਕੀਹਦੀ ਖਾਤਰ ਜਿਉਣ ਜੋਗਿਆ ਲਾ ਕੇ ਗਿਆ ਲਸੂੜਾ।
ਮੁਹੰਮਦ ਸਦੀਕ ਦਾ ਜਵਾਬ ਹੈ :
ਆਊਂ ਵਲੈਤੋਂ ਜਾ, ਲੈ ਕੇ ਆਊਂ ਪੰਘੂੜਾ।

ਚੱਲਦਾ

ਕਈ ਬੁੱਧੀਜੀਵੀ ਸਲਾਹ ਦਿੰਦੇ ਹਨ ਕਿ ਕਿਸਾਨਾਂ ਦੀ ਆਮਦਨ ਨੂੰ ਸਥਿਰ ਬਣਾਉਣ ਅਤੇ ਫਸਲੀ ਵਿਭਿੰਨਤਾ ਲਿਆ ਕਿ ਦੇਸ਼ ਨੂੰ ਸਵੈ ਨਿਰਭਰ ਬਣਾਉਣ ਲਈ ਕੰਟਰੈਕਟ ਫਾਰਮਿੰਗ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਗੱਲਾਂ ਜਦੋਂ ਤੱਕ ਕਾਗਜ਼ਾਂ ਅਤੇ ਏ ਸੀ ਕਮਰਿਆਂ ਵਿਚ ਬੈਠ ਕੇ ਹੁੰਦੀਆਂ ਹਨ ਤਾਂ ਬੜੀਆਂ ਵਧੀਆ ਅੰਕੜੇ ਦਿਖਾਉਂਦੀਆਂ ਹਨ। ਇਸ ਨਾਲ ਕੋਈ ਵੀ ਇਨਸਾਨ ਸੁਪਨਿਆਂ ਦੀ ਦੁਨੀਆਂ ਵਿਚ ਪਹੁੰਚ ਜਾਂਦਾ ਹੈ। ਅਸਲ ਵਿਚ ਇਸ ਵੇਲੇ ਇਸ ਵਿਚ ਆ ਰਹੀਆਂ ਦਿੱਕਤਾਂ ਨੂੰ ਕਿਸੇ ਵੀ ਨੀਤੀ ਅਤੇ ਐਕਟ ਵਿਚ ਸੋਧਿਆ ਨਹੀਂ ਜਾ ਰਿਹਾ। ਗੱਲ ਹੈ ਕਿ ਜਦੋਂ ਫਸਲ ਦੀ ਗੱਲ ਕਰਦੇ ਹਾਂ ਤਾਂ ਇਹ ਸੇਲ ਆਫਗੁਡਸ ਐਕਟ 1930 ਦੇ ਅਧੀਨ ਸੈਕਸ਼ਨ 6 ਦੇ ਵਿੱਚ ਇਸ ਨੂੰ ਦਰਸਾਇਆ ਗਿਆ ਹੈ। ਜਿਸ ਵਿਚ ਇਸ ਨੂੰ ਕੰਨਟੀਨਜੈਂਟ ਗੁਡ (ਚੀਜ਼) ਦਾ ਨਾਮ ਦਿੱਤਾ ਗਿਆ। ਕੰਨਟੀਨਜੈਂਟ ਗੁਡ (ਚੀਜ਼) ਯਾਨੀ ਜੋ ਆਉਣ ਵਾਲੇ ਸਮੇਂ ਦੀ ਗੁਡ ਅਤੇ ਇਸ ਦਾ ਹੋਣਾ ਨਾ ਹੋਣਾ ਕੁਦਰਤ ਤੇ ਨਿਰਭਰ ਕਰਦਾ ਹੈ। ਇਥੋਂ ਸ਼ੁਰੂ ਹੁੰਦੀ ਹੈ ਸਮੱਸਿਆ।



# ਕੀ ਕੰਟਰੈਕਟ ਖੇਤੀ ਬਦਲ ਸਕਦੀ ਹੈ ਕਿਸਾਨਾਂ ਦੀ ਕਿਸਮਤ?

ਆਮ ਤੌਰ ਤੇ ਤਰਕ ਆਉਂਦਾ ਹੈ ਕਿ ਜੇ ਪੈਦਾਵਾਰ ਆਪਣੇ ਦੇਸ਼ ਵਿਚ ਮਹਿੰਗੀ ਹੈ ਤਾਂ ਉਹ ਹੋਰ ਦੇਸ਼ ਤੋਂ ਲੈ ਲਵੋ ਜਿੱਥੇ ਸਸਤੀ ਹੈ। ਇਸ ਵਿਚ ਇਹ ਗੱਲ ਨਹੀਂ ਕੋਈ ਸੋਚਦਾ ਕਿ ਉਹ ਸਸਤੀ ਤਾਂ ਦੇ ਰਹੇ ਹਨ ਕਿ ਤੁਹਾਡੀ ਆਪਣੀ ਪੈਦਾਵਾਰ ਨੂੰ ਸੱਟ ਮਾਰੀ ਜਾ ਸਕੇ। ਜਿਸ ਦਿਨ ਤੁਹਾਡੀ ਆਪਣੀ ਪੈਦਾਵਾਰ ਖਤਮ ਹੋ ਗਈ ਉਸ ਦਿਨ ਸਸਤੀ ਮਹਿੰਗੀ ਦਾ ਪਤਾ ਲੱਗਦਾ ਹੈ। ਅੱਜ ਵੀ ਬਹੁਤੇ ਖੇਤੀ ਅਰਥਸ਼ਾਸਤਰੀ ਖੇਤੀ ਨੂੰ ਪ੍ਰਫੁੱਲਤ ਕਰਨ ਲਈ ਇਕੋ ਰਾਗ ਅਲਾਪਦੇ ਹਨ ਕਿ ਅਰਥਸ਼ਾਸਤਰ ਦਾ ਸਿਧਾਂਤ ਹੈ ਕਿ ਕੰਪੀਟੀਟਿਵ ਮਾਰਕਿਟ ਹੋਣ ਦਿਓ। ਇਸ ਪਿੱਛੇ ਇਹ ਤਰਕ ਦਿੱਤਾ ਜਾਂਦਾ ਹੈ ਕਿ ਮੰਗ ਅਤੇ ਸਪਲਾਈ ਆਪਣੇ ਆਪ ਭਾਅ ਦਿਵਾਊ। ਕਹਿਣ ਦਾ ਭਾਵ ਜਿਨ੍ਹਾਂ ਚੀਜ਼ਾਂ ਦੀ ਖਪਤ ਜ਼ਿਆਦਾ ਹੈ ਅਤੇ ਪੈਦਾਵਾਰ ਘੱਟ ਹੈ ਉਹਨਾਂ ਦੀ ਕੀਮਤ ਜ਼ਿਆਦਾ ਹੋਵੇਗੀ ਦੂਜੀ ਦੀ ਘੱਟ। ਇਹ ਸਿਧਾਂਤ ਖੇਤੀ ਵਿਚ ਕਦੇ ਲੱਗਦਾ ਨਜ਼ਰ ਨਹੀਂ ਆਉਂਦਾ ਹੈ। ਹਾਲ ਦੀ ਘੜੀ ਵਿਚ ਹੀ ਦੇਖ ਲਈਏ ਜਦੋਂ ਕਣਕ ਆਈ ਤਾਂ ਪ੍ਰਾਈਵੇਟ ਵਪਾਰੀਆਂ ਨੇ ਉੱਥੋਂ ਖਰੀਦੀ ਜਿੱਥੇ ਸਰਕਾਰੀ ਖਰੀਦ ਨਹੀਂ ਸੀ ਅਤੇ ਸਰਕਾਰੀ ਕੀਮਤ ਤੋਂ ਘੱਟ ਤੇ ਖਰੀਦੀ। ਪੰਜਾਬ ਵਿਚ ਮਾਰਕੀਟ ਵਿੱਚੋਂ ਬਾਹਰ ਰਹੇ ਅਤੇ ਸਰਕਾਰੀ ਖਰੀਦ ਹੋਣ ਕਰਕੇ ਚੱਕੀ ਗਈ। ਉੱਧਰ ਸਰਕਾਰ ਦੇ ਭੰਡਾਰ ਵੀ ਖਾਲੀ ਸਨ ਅਤੇ 2030 ਤੱਕ ਵਿਸ਼ਵਭਰ ਵਿੱਚ ਫੂਡ ਗ੍ਰੇਨ ਦੀ ਥੁੜ ਰਹਿਣੀ ਹੈ। 31 ਮਈ 2023 ਨੂੰ ਸਰਕਾਰੀ ਖਰੀਦ ਖਤਮ ਹੋਈ ਹੈ ਅਤੇ ਅੱਧ ਜੂਨ 2023 ਨੂੰ ਕਣਕ ਦੇ ਭਾਅ 2500 ਤੋਂ 2600 ਰੁਪਏ ਕੁਇੰਟਲ ਨੂੰ ਪਹੁੰਚ ਗਏ। ਉੱਧਰ ਪਿਛਲੇ ਸਾਲ ਸਰਕਾਰ ਨੇ ਮੱਕੀ, ਮੂੰਗੀ, ਸਰ੍ਹੋਂ ਅਤੇ ਸੂਰਜਮੁਖੀ ਨੂੰ ਉਤਸ਼ਾਹਿਤ ਕੀਤਾ ਸੀ। ਇਸ ਸਾਲ ਕਿਸਾਨਾਂ ਨੇ ਇਹਨਾਂ ਫਸਲਾਂ ਦਾ ਰਕਬਾ ਵਧਾ ਦਿੱਤਾ। ਜਦੋਂ ਖਰੀਦ ਦੀ ਵਾਰੀ ਆਈ ਤਾਂ ਭਾਅ ਹੇਠਾਂ ਡਿੱਗ ਪਿਆ, ਨਿੱਜੀ ਵਪਾਰੀ ਨੇ ਸਰ੍ਹੋਂ 4200 ਰੁਪਏ, ਸੂਰਜਮੁੱਖੀ 4000 ਤੋਂ 4800 ਰੁਪਏ ਕੁਇੰਟਲ, ਮੱਕੀ 1000-1200 ਰੁਪਏ ਅਤੇ ਮੂੰਗੀ 6800 ਰੁਪਏ ਖਰੀਦ ਕਰ ਰਹੇ ਹਨ, ਯਾਨੀ ਐਮ ਐਸ ਪੀ ਤੋਂ 15 ਤੋਂ 45 ਪ੍ਰਤੀਸ਼ਤ ਹੇਠਾਂ। ਇਸ ਵੇਲੇ ਸਵਾਲ ਖੜਾ ਹੁੰਦਾ ਹੈ ਕਿ ਕੀ ਕਿਸਾਨ ਆਪਣੀ ਫਸਲ ਸਟੋਰ ਕਰ ਸਕਦੇ ਹਨ, ਭਾਅ ਵਧਣ ਦੀ ਉਡੀਕ ਵਿੱਚ। ਜਦਕਿ ਸਰਕਾਰਾਂ ਦੇ ਸਟੋਰ ਤਾਂ ਨਿੱਜੀ ਵਪਾਰੀਆਂ ਕੋਲ ਕਿਰਾਏ ਤੇ ਹਨ ਉਹ ਕਿੱਥੇ ਰੱਖਣ ਦੇਣਗੇ ਕਿਸਾਨ ਨੂੰ ਫਸਲ। ਇਸ ਦੀ ਜਿਉਂਦੀ ਜਾਗਦੀ ਮਿਸਾਲ ਹੈ ਫਿਰੋਜ਼ਪੁਰ ਦੇ ਕਿਸਾਨਾਂ ਵੱਲੋਂ ਲਾਲ ਮਿਰਚਾਂ ਦਾ ਵਪਾਰ। ਇਸ ਵੇਲੇ ਸੋਚਣ ਦੀ ਗੱਲ ਤਾਂ ਇਹ ਹੈ ਕਿ ਅੱਜ ਸਾਡਾ ਇਹ ਹਾਲ ਹੈ ਜਦੋਂ ਅਸੀਂ ਤਕਰੀਬਨ 70 ਫੀਸਦੀ ਖਾਣ ਵਾਲਾ ਤੇਲ (ਦਰਾਮਦ) ਕਰਦੇ ਹਾਂ। ਇਸ ਵਿਚ ਤਰਕ ਆਉਂਦਾ ਹੈ ਕਿ ਦਰਾਮਦ ਸਸਤਾ ਪੈਂਦਾ ਹੈ ਉਸ ਦੀ ਖਰੀਦ ਲਈ ਡਾਲਰ ਦੇਣੇ ਪੈਂਦੇ ਹਨ ਸਾਡਾ ਵਪਾਰ ਪਹਿਲਾਂ ਹੀ ਘਾਟੇ ਵਿੱਚ ਚਲਦਾ ਹੈ। ਏਸੇ ਤਰ੍ਹਾਂ ਦੇਸ਼ ਵਿਚ ਦਾਲਾਂ ਦੀ ਕਮੀ ਹੈ ਪਰ ਫਿਰ ਵੀ ਕਿਸਾਨਾਂ ਤੋਂ ਦਾਲਾਂ ਐਮ ਐਸ ਪੀ ਤੋਂ ਹੇਠਾ ਖਰੀਦੀਆਂ ਜਾਂਦੀਆਂ ਹਨ।



ਇਸ ਵਿਚ ਕਈ ਬੁੱਧੀਜੀਵੀ ਸਲਾਹ ਦਿੰਦੇ ਹਨ ਕਿ ਕਿਸਾਨਾਂ ਦੀ ਆਮਦਨ ਨੂੰ ਸਥਿਰ ਬਣਾਉਣ ਅਤੇ ਫਸਲੀ ਵਿਭਿੰਨਤਾ ਲਿਆ ਕਿ ਦੇਸ਼ ਨੂੰ ਸਵੈ ਨਿਰਭਰ ਬਣਾਉਣ ਲਈ ਕੰਟਰੈਕਟ ਫਾਰਮਿੰਗ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਹ ਗੱਲਾਂ ਜਦੋਂ ਤੱਕ ਕਾਗਜ਼ਾਂ ਅਤੇ ਏ ਸੀ ਕਮਰਿਆਂ ਵਿਚ ਬੈਠ ਕੇ ਹੁੰਦੀਆਂ ਹਨ ਤਾਂ ਬੜੀਆਂ ਵਧੀਆ ਅੰਕੜੇ ਦਿਖਾਉਂਦੀਆਂ ਹਨ। ਇਸ ਨਾਲ ਕੋਈ ਵੀ ਇਨਸਾਨ ਸੁਪਨਿਆਂ ਦੀ ਦੁਨੀਆਂ ਵਿਚ ਪਹੁੰਚ ਜਾਂਦਾ ਹੈ। ਅਸਲ ਵਿਚ ਇਸ ਵੇਲੇ ਇਸ ਵਿਚ ਆ ਰਹੀਆਂ ਦਿੱਕਤਾਂ ਨੂੰ ਕਿਸੇ ਵੀ ਨੀਤੀ ਅਤੇ ਐਕਟ ਵਿਚ ਸੋਧਿਆ ਨਹੀਂ ਜਾ ਰਿਹਾ। ਗੱਲ ਹੈ ਕਿ ਜਦੋਂ ਫਸਲ ਦੀ ਗੱਲ ਕਰਦੇ ਹਾਂ ਤਾਂ ਇਹ ਸੇਲ ਆਫਗੁਡਸ ਐਕਟ 1930 ਦੇ ਅਧੀਨ ਸੈਕਸ਼ਨ 6 ਦੇ ਵਿੱਚ ਇਸ ਨੂੰ ਦਰਸਾਇਆ ਗਿਆ ਹੈ। ਜਿਸ ਵਿਚ ਇਸ ਨੂੰ ਕੰਨਟੀਨਜੈਂਟ ਗੁਡ (ਚੀਜ਼) ਦਾ ਨਾਮ ਦਿੱਤਾ ਗਿਆ। ਕੰਨਟੀਨਜੈਂਟ ਗੁਡ (ਚੀਜ਼) ਯਾਨੀ ਜੋ ਆਉਣ ਵਾਲੇ ਸਮੇਂ ਦੀ ਗੁਡ ਅਤੇ ਇਸ ਦਾ ਹੋਣਾ ਨਾ ਹੋਣਾ ਕੁਦਰਤ ਤੇ ਨਿਰਭਰ ਕਰਦਾ ਹੈ। ਇਥੋਂ ਸ਼ੁਰੂ ਹੁੰਦੀ ਹੈ ਸਮੱਸਿਆ।



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

ਆਪਾਂ ਉਦਾਹਰਣ ਦੇ ਤੌਰ ਤੇ ਲਈਏ ਕਿ ਸੌਸ (sauce) ਬਣਾਉਣ ਵਾਲੀ ਕੰਪਨੀ ਨੇ ਰੈਸਟੋਰੈਂਟ ਦੀ ਕਿਸੇ ਚੈਨ ਨਾਲ ਕੰਟਰੈਕਟ ਕਰ ਲਿਆ ਕਿ ਉਹ ਇਕ ਖਾਸ ਕਿਸਮ ਦੇ ਟਮਾਟਰਾਂ ਦੇ ਬੀਜ ਨਾਲ ਤਿਆਰ ਕੀਤੇ ਟਮਾਟਰਾਂ ਤੋਂ ਸੌਸ ਬਣਾ ਕੇ ਦੇਣਗੇ। ਇਸ ਲਈ ਉਹਨਾਂ ਨੇ ਕਿਸਾਨਾਂ ਨਾਲ ਵੀ ਕੰਟਰੈਕਟ ਕਰ ਨਾ ਸ਼ੁਰੂ ਕਰ ਦਿੱਤਾ। ਇਸ ਕੰਟਰੈਕਟ ਵਿਚ ਸ਼ਰਤਾਂ ਹੁੰਦੀਆਂ ਹਨ ਜਿਹੜਾ ਬੀਜ ਹੈ ਉਹ ਕੰਪਨੀ ਮੁਹੱਈਆ ਕਰਵਾਏਗੀ, ਫਿਰ ਕਿਸਾਨ ਨੂੰ ਸਮੇਂ ਸਮੇਂ ਤੇ ਸਲਾਹ ਦਿੱਤੀ ਜਾਏਗੀ, ਜੋ ਖਾਦਾਂ ਜਾਂ ਕੀਟਨਾਸ਼ਕ ਪਾਉਂਦੇ ਹਨ ਉਹ ਵੀ ਕੰਪਨੀ ਦੇਵੇਗੀ। ਇਸ ਤੋਂ ਇਲਾਵਾ ਕੰਪਨੀ ਦੇ ਮਾਹਿਰਾਂ ਦੀ ਟੀਮ ਆ ਕੇ ਸਰਵੇਖਣ ਕਰਕੇ ਰਿਪੋਰਟ ਦੇਵੇਗੀ ਕਿ ਟਮਾਟਰ ਉਸ ਕਵਾਲਟੀ ਦੇ ਹੈ ਕਿ ਨਹੀਂ। ਜ਼ਾਹਿਰ ਹੈ ਕੰਪਨੀ ਉਹ ਫਸਲ ਲੋੜ ਤੋਂ ਵੱਧ ਰਕਬੇ ਵਿਚ ਬਿਜਾਵੇਗੀ ਮੌਸਮ ਦਾ ਰਿਸਕ ਕਵਰ ਕਰਨ ਲਈ। ਇਸ ਵਿਚ ਭਾਅ ਪਹਿਲਾਂ ਨਿਰਧਾਰਤ ਹੁੰਦਾ ਹੈ ਕਿਸ ਭਾਅ ਤੇ ਟਮਾਟਰ ਚੁੱਕੇ ਜਾਣਗੇ। ਇਸ ਵਿਚ ਜੇ ਕੋਈ ਕੰਟਰੈਕਟ ਤੋੜਦਾ ਹੈ ਤਾਂ ਦੂਜੀ ਧਿਰ ਕਚਹਿਰੀ ਦਾ ਦਰਵਾਜ਼ਾ ਖੜਕਾ ਸਕਦੀ ਹੈ। ਇਥੋਂ ਤੱਕ ਗੱਲ ਬੜੀ ਵਧੀਆ ਅਤੇ ਲੁਭਾਵਣੀ ਲੱਗਦੀ ਹੈ। ਇਸ ਵਿਚ ਅਸਲ ਸਮੱਸਿਆਵਾਂ ਇਹਨਾਂ ਸ਼ਰਤਾਂ ਵਿੱਚ ਹੀ ਹਨ। ਬੀਜ, ਖਾਦਾਂ, ਕੀਟਨਾਸ਼ਕ ਅਤੇ ਸਲਾਹ ਦੇ ਨਾਮ ਤੇ ਮੋਟਾ ਖਰਚਾ ਕਿਸਾਨ ਨੂੰ ਪਾਉਣਾ, ਫਿਰ ਮੌਸਮ ਅਨੁਸਾਰ ਹੋਈ ਪੈਦਾਵਾਰ ਤੇ ਕੁਆਲਟੀ ਕੱਟ ਲਗਾਉਣੇ।

ਅਸਲ ਗੱਲ ਇਹ ਹੈ ਜੇ ਮੰਡੀ ਵਿਚ ਫਸਲ ਜ਼ਿਆਦਾ ਹੈ ਅਤੇ ਭਾਅ ਕੰਟਰੈਕਟ ਤੋਂ ਘੱਟ ਹੈ ਤਾਂ ਰਿਜੈਕਸ਼ਨ ਵੀ ਘੱਟ। ਇਸ ਵਿਚ ਸੋਚਣ ਵਾਲੀ ਗੱਲ ਹੈ ਕਿ ਅਸੀਂ ਕੋਈ ਚੀਜ਼ ਮਸ਼ੀਨੀ ਅਤੇ ਕਾਰਖਾਨੇ ਅੰਦਰ ਨਹੀਂ ਬਣਾਉਣੀ। ਬਲਕਿ ਇਹ ਬੀਜ ਦੇ ਗੁਣਾਂ ਅਤੇ ਵਾਤਾਵਰਨ ਤੇ ਆਧਾਰਤ ਹੈ ਅਤੇ ਇਸ ਤੇ ਮੌਸਮ ਦਾ ਵੀ ਸਿੱਧਾ ਅਸਰ ਪੈਂਦਾ ਹੈ। ਜੀਵਤ ਚੀਜ਼ਾਂ ਕਦੇ ਵੀ ਸਾਰੀਆਂ ਇਕਸਾਰ ਨਹੀਂ ਹੁੰਦੀਆਂ। ਉਹਨਾਂ ਦੀ ਗਰੇਡਿੰਗ ਕਰਨੀ ਪੈਂਦੀ ਹੈ। ਗਰੇਡਿੰਗ ਵਿਚ ਕਿਹੜੇ ਗ੍ਰੇਡ ਦੀ ਕਿੰਨੀ ਫਸਲ ਨਿਕਲਦੀ ਹੈ ਇਹ ਮੌਸਮ ਤੇ ਖੇਤੀ ਦੇ ਢੰਗ ਤਰੀਕੇ ਤੇ ਨਿਰਭਰ ਕਰਦਾ ਹੈ। ਕੁਦਰਤ ਦੀ ਮਾਰ ਦਾ ਅਸਰ ਕੋਈ ਰੋਕ ਨਹੀਂ ਸਕਦਾ। ਯਾਨੀ ਕਿ ਸਿੱਧਾ-ਸਿੱਧਾ ਮੌਕਾ ਕੰਟਰੈਕਟ ਵਿਚ ਕਵਾਲਿਟੀ ਦਾ ਮੁੱਦਾ ਖੜਾ ਕਰਕੇ ਰੇਟ ਘਟਾਉਣ ਦਾ ਜਾਂ ਖਹਿੜਾ ਛਡਾਉਣ ਦਾ ਕਿਉਂ ਕਿ ਜਦੋਂ ਮੰਡੀ ਵਿਚ ਫਸਲ ਆਉਂਦੀ ਹੈ ਤਾਂ ਉਹ ਸਸਤੀ ਹੁੰਦੀ ਹੈ। ਕੰਟਰੈਕਟ ਵਿਚ ਜ਼ਿਆਦਾ ਲਿਖਿਆ ਹੋ ਸਕਦਾ ਹੈ।

ਗੱਲ ਹੁਣ ਆਈ ਕਿ ਜੇ ਕੋਈ ਕੰਟਰੈਕਟ ਤੋਂ ਭੱਜਦਾ ਹੈ ਤਾਂ ਦੂਜੀ ਧਿਰ ਕੋਲ ਕੋਰਟ ਜਾਣ ਦੀ ਖੁੱਲ੍ਹ ਹੈ। ਗੱਲ ਹੈ ਕਿ ਕੰਟਰੈਕਟ ਬਰਾਬਰ ਵਾਲਿਆਂ ਵਿਚ ਹੀ ਸ਼ੋਭਦਾ ਹੈ ਇਕ ਪਾਸੇ 2-3 ਏਕੜ ਵਾਲਾ ਕਿਸਾਨ ਜਿਸ ਦੀ ਆਮਦਨ ਸਾਲਾਨਾ 1.5 ਲੱਖ ਦੀ ਹੈ। ਦੂਜੇ ਪਾਸੇ ਕਰੋੜਾਂ ਦੀ ਟਰਨਓਵਰ ਵਾਲੀ ਕੰਪਨੀ ਜਿਹਨਾਂ ਅੱਗੇ ਸਿਆਸਤਦਾਨ ਅਤੇ ਹੋਰ ਸਰਕਾਰ ਅਧਿਕਾਰੀ ਸਿਰ ਝੁਕਾਉਂਦੇ ਹਨ। ਇਹਨਾਂ ਕੰਪਨੀਆਂ ਵਾਲਿਆਂ ਕੋਲ ਤਾਂ ਪੱਕੇ ਵਕੀਲ ਹਨ ਜੋ ਮੋਟੇ ਪੈਸੇ ਲੈਂਦੇ ਹਨ ਇਹਨਾਂ ਨੂੰ ਬਚਾਉਣ ਲਈ। ਉਧਰ ਕਿਸਾਨ ਛੋਟੀ ਕਚਿਹਰੀ ਵਿਚ ਹਜ਼ਾਰਾਂ ਦਾ ਖਰਚਾ ਕਰੂਗਾ, ਫਿਰ ਅੱਗੇ ਜੇ ਹਾਈਕੋਰਟ ਗਏ ਤਾਂ ਉੱਥੋਂ ਦੇ ਵਕੀਲ ਸਾਹਿਬ ਦੀ ਫੀਸ ਲੱਖਾਂ ਵਿਚ ਹੁੰਦੀ ਹੈ ਅਤੇ ਸੁਪਰੀਮ ਕੋਰਟ ਦੀ ਇਕ ਪੇਸ਼ੀ ਦਾ ਚੰਗੇ ਵਕੀਲ ਸਾਹਿਬ 11-12 ਲੱਖ ਲੈ ਲੈਂਦੇ ਹਨ। ਕੀ ਕਚਹਿਰੀ ਜਾਣਾ ਆਮ ਕਿਸਾਨ ਦੇ ਵੱਸ ਦੀ ਗੱਲ ਹੈ। ਜੇ ਹੁੰਦੀ ਤਾਂ 2012 ਦੇ ਵਿੱਚ ਜਦੋਂ ਕਿੰਨੂ ਵਾਲਿਆਂ ਨਾਲ ਪੈਪਸੀਕੋ ਨੇ ਕੰਟਰੈਕਟ ਕੀਤੇ ਉਹਨਾਂ ਦਾ ਕੀ ਬਣਿਆ। ਦੂਜਾ ਖੇਤੀ ਕਾਨੂੰਨ ਲਾਗੂ ਰਹਿੰਦੇ ਤਾਂ ਕਚਹਿਰੀ ਜਾਣ ਦਾ ਹੱਕ ਵੀ ਕਿਸਾਨਾਂ ਤੇ ਖੋਹ ਲਿਆ ਗਿਆ ਸੀ। ਉਹ ਵੱਧ ਤੋਂ ਵੱਧ ਡੀ ਸੀ ਤੱਕ ਪਹੁੰਚ ਕਰ ਸਕਦੇ ਸੀ। ਇਸਨੂੰ ਦੱਸਿਆ ਜਾਂਦਾ ਹੈ ਕਿ ਇਹ ਕਿਸਾਨ ਹਿੱਤ ਵਿੱਚ ਸੀ ਕਿਉਂ ਕਿ ਕਚਹਿਰੀ ਦਾ ਖਰਚਾ ਕਿਸਾਨ ਕੋਲ ਨਹੀਂ ਸੀ। ਪਰ ਸ਼ਾਇਦ ਇਹ ਭੁੱਲ ਗਏ ਕਿ ਅਫਸਰਸ਼ਾਹੀ ਕਿਸ ਦੇ ਇਸ਼ਾਰੇ ਤੇ ਚਲਦੀ ਹੈ।

ਠੇਕੇ ਦੀ ਖੇਤੀ ਤਾਂ ਅਮੀਰ ਆਦਮੀ ਜਿਹੜੇ ਸਿਆਸਤ ਵਿੱਚ ਹਨ, ਉੱਚ ਕੋਟੀ ਦੇ ਵਕੀਲ ਜਾਂ ਵੱਡੇ ਸਰਕਾਰੀ ਅਹੁਦੇ ਤੇ ਬੈਠੇ ਜਾਂ ਰਿਟਾਇਰ ਲੋਕਾਂ ਨੂੰ ਹੀ ਰਾਸ ਆਈ ਹੈ। ਜਿਹਨਾਂ ਲਈ ਖੇਤੀ ਮੁੱਖ ਧੰਦਾ ਨਹੀਂ, ਬਲਕਿ ਸ਼ੌਕ ਜੋ ਲੋਕਾਂ ਨੂੰ ਸਮਾਜ ਸੇਵਾ ਕਹਿ ਕਿ ਵੇਚਣਾ ਹੈ। ਇਸ ਵੇਲੇ ਕਿਸਾਨਾਂ ਨੂੰ ਭਾਅ ਤਾਂ ਮਿਲੇਗਾ ਜੇ ਫਸਲਮੰਗ ਦੇ ਹਿਸਾਬ ਨਾਲ ਪੈਦਾ ਕੀਤੀ ਜਾਵੇ। ਇਸ ਦਾ ਹੱਲ ਹੈ ਕਿ ਕਿਸਾਨ ਯੂਨੀਅਨਾਂ ਰਲ ਕਿ ਇੱਕ ਮਾਰਕਿਟ ਇੰਟੈਲੀਜੈਂਸ ਸੈਲ ਬਣਾਉਣ ਜੋ ਸਲਾਹ ਦੇਵੇ ਕੇ ਕਿਹੜੀ ਫਸਲ ਕਿੰਨੀ ਪੈਦਾ ਕੀਤੀ ਜਾਵੇ।


# ਦੁਧਾਰੂਆਂ ਵਿੱਚ ਅੰਦਰੂਨੀ ਪਰਜੀਵੀਆਂ ਦੀਆਂ ਬਿਮਾਰੀਆਂ ਅਤੇ ਰੋਕਥਾਮ



ਲਛਮਣ ਦਾਸ ਸਿੰਗਲਾ ਅਤੇ ਪਰਮਿੰਦਰ ਕੌਰ
ਪਰਜੀਵੀ ਵਿਗਿਆਨ ਵਿਭਾਗ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।**

**ਗੋਲ ਕੀੜੇ ਜਾਂ ਗੋਲ ਮਲ੍ਹੱਪ** : ਮਲ੍ਹੱਪ ਜ਼ਿਆਦਾਤਰ ਛੋਟੀ ਆਂਤੜੀ ਵਿੱਚ ਰਹਿੰਦੇ ਹਨ। ਖੁਰਾਕ ਦਾ ਕਾਫੀ ਸਾਰਾ ਹਿੱਸਾ ਖਾ ਜਾਂਦੇ ਹਨ। ਇਨ੍ਹਾਂ ਮਲ੍ਹੱਪਾਂ ਦਾ ਸ਼ਿਕਾਰ ਜ਼ਿਆਦਾਤਰ ਛੋਟੀ ਉਮਰ ਦੇ ਕੱਟੜੂ ਜਾਂ ਵੱਛੜੂ ਹੁੰਦੇ ਹਨ। ਜਿਸ ਕਰਕੇ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਮਲ੍ਹੱਪ ਛੋਟੀ ਆਂਤੜੀ ਵਿੱਚ ਅੰਡੇ ਦਿੰਦੇ ਹਨ, ਜੋ ਕਿ ਗੋਹੇ ਨਾਲ ਬਾਹਰ ਆ ਜਾਂਦੇ ਹਨ। ਕਈ ਵਾਰ ਆਂਤੜੀਆਂ ਵਿੱਚ ਬੰਨ ਪਾ ਦਿੰਦੇ ਹਨ। ਮਲ੍ਹੱਪਾਂ ਦਾ



ਸ਼ਿਕਾਰ ਹੋਏ ਕਟੜੂਆਂ ਅਤੇ ਵਛੜੂਆਂ ਵਿੱਚ ਪੂਰੀ ਖੁਰਾਕ ਖਾਣ ਦੇ ਬਾਵਜੂਦ ਵੀ ਇਨ੍ਹਾਂ ਦਾ ਵਾਧਾ ਅਤੇ ਵਿਕਾਸ ਠੀਕ ਨਹੀਂ ਹੁੰਦਾ। ਜਾਨਵਰ ਕਮਜ਼ੋਰ, ਚਮੜੀ ਅਤੇ ਵਾਲੇ ਵਾਲੇ ਖੁਰਦਰੇ ਹੋ ਜਾਂਦੇ ਹਨ। ਅੱਖਾਂ ਅੰਦਰ ਧਸ ਜਾਂਦੀਆਂ ਹਨ। ਮਟਮੈਲੀ ਅਤੇ ਬਦਬੋਦਾਰ ਮੋਕ ਲੱਗ ਜਾਂਦੀ ਹੈ। ਕਈਂ ਵਾਰ ਕਟੜੂ ਜਾਂ ਵਛੜੂ ਦੀ ਮੌਤ ਹੋ ਸਕਦੀ ਹੈ। ਵੱਡੀ ਉਮਰ ਦੀਆਂ ਗਾਂਵਾਂ ਮੱਝਾਂ ਵਿੱਚ ਬੇਸ਼ਕ ਇਹ ਕੀੜੇ ਪੇਟ ਵਿੱਚ ਹੋਣ ਪਰ ਆਮ ਤੌਰ ਤੇ ਇਨ੍ਹਾਂ ਵਿੱਚ ਕੋਈ ਖਾਸ ਲੱਛਣ ਨਜ਼ਰ ਨਹੀਂ ਆਉਂਦੇ। ਕਈ ਵਾਰ ਗੋਹਾ ਪਤਲਾ ਜਾਂ ਮੋਕ ਲੱਗ ਸਕਦੀ ਹੈ। ਦੁੱਧ ਉਤਪਾਦਨ ਵਿੱਚ ਕਮੀਂ ਆ ਜਾਂਦੀ ਹੈ।

ਗੱਭਣ ਪਸ਼ੂ ਵਿੱਚ ਸੂਣ ਸਮੇਂ ਪਰਜੀਵੀਆਂ ਦੇ ਅੰਡੇ ਵਧੇਰੇ ਮਾਤਰਾ ਵਿੱਚ ਬਾਹਰ ਆਉਂਦੇ ਹਨ। ਨਤੀਜੇ ਵਜੋਂ ਨਵ ਜੰਮੇਂ ਜਾਨਵਰਾਂ ਨੂੰ ਮਾਂ ਦੇ ਗੋਹੇ ਵਿੱਚੋਂ ਨਿਕਲੇ ਪਰਜੀਵੀਆਂ ਦੇ ਅੰਡਿਆਂ ਤੋਂ ਬਿਮਾਰੀ ਦਾ ਖਤਰਾ ਵੱਧ ਜਾਂਦਾ ਹੈ। ਤਾਜ਼ੇ ਸੂਏ ਜਾਂ ਗੱਭਣ ਪਸ਼ੂਆਂ ਦੀ ਬੱਚੇਦਾਣੀ ਰਾਹੀਂ ਜਾਂ ਦੁੱਧ ਰਾਹੀਂ ਮਲ੍ਹੱਪ ਨਵ ਜਮੇਂ ਜਾਨਵਰਾਂ ਵਿੱਚ ਚਲੇ ਜਾਂਦੇ ਹਨ। ਸੋ ਗੱਭਣ ਪਸ਼ੂ ਨੂੰ ਸੂਣ ਤੋਂ 1-2 ਮਹੀਨੇ ਪਹਿਲਾਂ ਜਾਂ ਇਸ ਦੇ ਆਸਪਾਸ ਪਰਜੀਵੀ ਰੋਗ ਰਹਿਤ ਕਰਨ ਲਈ ਇਲਾਜ ਕਰਨਾ ਚਾਹੀਦਾ ਹੈ ਤਾਂ ਕਿ ਸੂਣ ਤੋਂ ਬਾਅਦ ਪੈਦਾ ਹੋਏ ਕਟੜੂਆਂ ਜਾਂ ਵਛੜੂਆਂ ਨੂੰ ਕਾਫੀ ਹੱਦ ਤੱਕ ਬਚਾਇਆ ਜਾ ਸਕੇ।

ਸੂਣ ਤੋਂ ਬਾਅਦ ਪੈਦਾ ਹੋਏ ਛੋਟੇ ਪਸ਼ੂਆਂ ਦੇ ਇਲਾਜ ਲਈ ਪਹਿਲੇ ਤਿੰਨ ਮਹੀਨਿਆਂ ਦੀ ਉਮਰ ਤੱਕ ਹਰ 15 ਦਿਨਾਂ ਬਾਅਦ, ਤਿੰਨ ਤੋਂ ਛੇ ਮਹੀਨੇ ਤੱਕ ਹਰ 30 ਦਿਨਾਂ ਬਾਅਦ ਅਤੇ ਇਸ ਤੋਂ ਬਾਅਦ ਪਸ਼ੂਆਂ ਨੂੰ ਮਲ੍ਹੱਪ ਰਹਿਤ ਕਰਨ ਲਈ ਦਵਾਈ ਦੇਣੀ ਚਾਹੀਦੀ ਹੈ। ਪਿਪਰਾਜੀਨ ਨਾਂ ਦੀ ਦਵਾਈ ਇਨ੍ਹਾਂ ਕੋਲ ਮਲ੍ਹੱਪਾਂ ਲਈ ਕਾਫੀ ਫਾਇਦੇਮੰਦ ਹੈ। ਇਸ ਤੋਂ ਇਲਾਵਾ ਪੈਨਾਕਿਉਰ ਜਾਂ ਔਕਸਜੋਲ ਨਾਂ ਦੀਆਂ ਦਵਾਈਆਂ ਵੀ ਵਰਤੀਆਂ ਜਾ ਸਕਦੀਆਂ ਹਨ ਜੋ ਕਿ ਗੱਭਣ ਪਸ਼ੂਆਂ ਵਿੱਚ ਵੀ ਡਾਕਟਰ ਦੀ ਸਲਾਹ ਅਨੁਸਾਰ ਵਰਤੀਆਂ ਜਾ ਸਕਦੀਆਂ ਹਨ। ਇਹ ਤਾਜ਼ੇ ਸੂਏ ਜਾਂ ਗੱਭਣ ਪਸ਼ੂਆਂ ਦੀ ਬੱਚੇਦਾਣੀ ਰਾਹੀਂ ਜਾਂ ਦੁੱਧ ਰਾਹੀਂ ਮਲ੍ਹੱਪ ਨੂੰ ਨਵੇਂ ਜੰਮੇਂ ਜਾਨਵਰਾਂ ਵਿੱਚ ਚਲੇ ਜਾਣ ਤੋਂ ਰੋਕਣ ਵਿੱਚ ਸਹਾਈ ਹੁੰਦੀਆਂ ਹਨ।

**ਰੋਗ ਦੀ ਪਛਾਣ** : ਉਪਰ ਦਿੱਤੇ ਲੱਛਣਾਂ ਤੋ ਇਲਾਵਾ ਗੋਹੇ ਵਿੱਚ ਮਲ੍ਹੱਪਾਂ ਦੇ ਅੰਡੇ ਖੁਰਦਬੀਨ ਰਾਹੀਂ ਦੇਖ ਕੇ ਕੀਤੀ ਜਾਂਦੀ ਹੈ।

**ਫੀਤੇਦਾਰ ਕੀੜੇ** : ਪਾਚਣ ਪ੍ਰਣਾਲੀ (ਆਮ ਕਰਕੇ ਛੋਟੀ ਅੰਤੜੀ) ਵਿੱਚ ਪਾਏ ਜਾਣ ਵਾਲੇ ਫੀਤੇਦਾਰ ਕੀੜੇ ਜਿਵੇਂ ਕਿ ਮੋਨੀਜੀਆ, ਏਟਿਟੇਲਾਈਨਾ ਅਤੇ ਸਟੀਲੇਜੀਆ ਨੂੰ ਆਮ ਤੌਰ ਤੇ ਵੱਡੇ ਜਾਨਵਰਾਂ ਵਿੱਚ ਖਾਸ ਮਹੱਤਵ ਪੂਰਨ ਨਹੀਂ ਮੰਨਿਆ ਜਾਂਦਾ ਪਰ ਛੋਟੇ ਜਾਨਵਰਾਂ ਵਿੱਚ ਕਾਫੀ ਨੁਕਸਾਨਦਾਇਕ ਹਨ।

**ਅੰਦਰੂਨੀ ਪਰਜੀਵੀਆਂ ਦੀ ਰੋਕਥਾਮ ਲਈ ਹੇਠ ਲਿਖੇ ਉਪਰਾਲੇ ਕਰਨੇ ਚਾਹੀਦੇ ਹਨ** :

★ ਪਸ਼ੂਆਂ ਦੀ ਦੇਖਭਾਲ ਸੁਚੱਜੇ ਢੰਗ ਨਾਲ ਕਰਨਾ (ਉਚਿਤ ਦੇਖਭਾਲ) : ਸਭ ਤੋਂ ਮੁੱਢਲੀ ਗੱਲ ਇਹ ਵੀ ਹੈ ਕਿ ਪਸ਼ੂ ਪ੍ਰਬੰਧ ਅਜਿਹਾ ਹੋਣਾ ਚਾਹੀਦਾ ਹੈ ਕਿ ਨਾ ਹੀ ਪਰਜੀਵੀ ਹਮਲਾ ਕਰਨ ਅਤੇ ਨਾ ਹੀ ਡਾਕਟਰ ਅਤੇ ਦਵਾਈਆਂ ਦੀ ਜ਼ਰੂਰਤ ਪਵੇ।

★ ਇਸ ਲਈ ਸਭ ਤੋਂ ਜ਼ਰੂਰੀ ਹੈ ਕਿ ਸ਼ੈੱਡ ਦੇ ਅੰਦਰ, ਆਲੇ ਦੁਆਲੇ ਅਤੇ ਜਾਨਵਰਾਂ ਦੀ ਸਾਫ ਸਫਾਈ ਸਹੀ ਤਰੀਕੇ ਨਾਲ ਕਰੋ। ਕਿਉਕਿ ਗੰਦਗੀ ਦਾ ਮਤਲਬ ਬਾਹਰਲੇ ਅਤੇ ਅੰਦਰਲੇ ਪਰਜੀਵੀਆਂ ਨੂੰ ਸੱਦਾ ਦੇਣਾ ਹੈ।

★ਖਾਣ ਲਈ ਮਾੜਾ ਚਾਰਾ ਅਤੇ ਪੀਣ ਲਈ ਗੰਦਾ ਪਾਣੀ ਨਾ ਪਿਲਾਉਣਾ। ਚਾਰਾ ਖੁਰਲੀ ਵਿੱਚ ਪਾਉ।

★ ਪੂਰਨ ਖੁਰਾਕ : ਪਸ਼ੂਆਂ ਨੂੰ ਸੰਤੁਲਿਕ ਖੁਰਾਕ, ਹਰੇ ਪੱਠੇ ਅਤੇ ਧਾਤਾਂ ਦਾ ਚੂਰਨ ਦਿਉ।

★ ਬਿਮਾਰੀ ਦੀ ਹਾਲਤ ਵਿੱਚ ਕਿਸੇ ਉੱਤਮ ਦਵਾਈ ਦੀ ਉਚਿਤ ਮਾਤਰਾ ਕਿਸੇ ਯੋਗ ਡਾਕਟਰ ਦੀ ਸਲਾਹ ਨਾਲ ਹੀ ਦੇਣੀ ਚਾਹੀਦੀ ਹੈ।

★ ਚੱਪਟੇ ਕਿਰਮਾਂ ਲਈ ਪਾਣੀ ਵਿਚਲੇ ਘੋਗਿਆਂ ਤੇ ਕਾਬੂ ਪਾਉਣਾ।

★ ਫੀਤੇਦਾਰ ਕਿਰਮਾਂ ਦੀ ਖਾਤਰ ਛੋਟੇ-ਛੋਟੇ ਮੱਛਰ, ਮਾਈਟਸ ਆਦਿ ਤੇ ਕਾਬੂ ਪਾਉਣਾ।

★ ਗੋਲ ਕਿਰਮਾਂ ਦੀ ਖਾਤਰ ਸਾਫ ਸੁਥਰਾ ਚਾਰਾ, ਪਾਣੀ ਮੁਹੱਈਆ ਕਰਾਉਣਾ ਅਤੇ ਕਈਂ ਤਰ੍ਹਾਂ ਦੇ ਜੀਵਨ ਕਾਲ ਵਿਚਲੇ ਹੋਰ ਜੀਵਾਂ ਤੇ ਕਾਬੂ ਪਾਉਣਾ।

★ ਖੂਨ ਦੇ ਕੀੜਿਆਂ ਦੀ ਰੋਕਥਾਮ ਲਈ ਚਿੱਚੜਾਂ ਅਤੇ ਟੈਬੋਨੱਸ ਜਾਂ ਡਾਂਸ ਮੱਖੀ ਦੀ ਰੋਕਥਾਮ ਜ਼ਰੂਰੀ ਹੈ।

★ ਸਮੇਂ-ਸਮੇਂ ਸਿਰ ਰੁੱਤਾਂ ਅਨੁਸਾਰ ਪਸ਼ੂਆਂ ਨੂੰ ਅੰਦਰੂਨੀ ਕਿਰਮਾਂ ਤੋਂ ਰੋਗ ਰਹਿਤ ਕਰਨ ਦੀ ਦਵਾਈ ਡਾਕਟਰ ਦੀ ਸਲਾਹ ਨਾਲ ਦੇਣੀ ਚਾਹੀਦੀ ਹੈ।

★ ਸਮੇਂ-ਸਮੇਂ ਸਿਰ ਪਸ਼ੂਆਂ ਦਾ ਗੋਹਾ, ਪਿਸ਼ਾਬ ਅਤੇ ਖੂਨ ਦੀ ਪਰਖ ਕਲੀਨੀਕਲ ਡਾਇਗਨੋਸਟਿਕ ਲੈਬਾਰਟਰੀ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਕਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਜਾਂ ਕਿਸੇ ਹੋਰ ਵਧੀਆ ਲੈਬਾਰਟਰੀ ਤੋਂ ਕਰਵਾਉਣੀ ਚਾਹੀਦੀ ਹੈ।

ਕਿਸਾਨ ਵੀਰ ਉਪਰ ਦਿੱਤੀਆਂ ਗੱਲਾਂ ਵੱਲ ਧਿਆਨ ਦੇਣ ਨਾਲ ਤੁਹਾਡੇ ਪਸ਼ੂ ਤੰਦਰੁਸਤ ਅਤੇ ਉਤਪਾਦਕ ਹੋਣਗੇ ਅਤੇ ਤੁਹਾਡੇ ਘਰ ਦੀ ਖੁਸ਼ਹਾਲੀ ਦਾ ਸਾਧਨ ਬਣਨਗੇ।




## ਕਿੱਥੇ ਜਾਣ ਵਿਚਾਰੀਆਂ?



ਜਨਮੇਜਾ ਸਿੰਘ ਜੌਹਲ
ਮੋਬਾਇਲ 98159-450 18

ਜਦੋਂ ਵੀ ਕੁਦਰਤ ਤੇ ਮਨੁੱਖ ਧਰਤੀ ਦਾ ਨੁਕਸਾਨ ਕਰਦੇ ਹਨ, ਜਿਵੇਂ ਹੜ੍ਹ, ਤੂਫਾਨ ਜਾਂ ਅੱਤ ਦੀ ਗਰਮੀ ਆਦਿ ਤਾਂ ਕਰੋਪੀ ਦਾ ਆਉਣਾ ਪੱਕਾ ਹੈ। ਇਹ ਤਾਂ ਹੁਣ ਸਿੱਧ ਹੋ ਚੁੱਕਾ ਹੈ ਕਿ ਮਨੁੱਖ ਵੀ ਕੁਦਰਤੀ ਕਰੋਪੀ ਵਿਚ ਹਿੱਸੇਦਾਰ ਹੁੰਦਾ ਹੈ। ਇਸੇ ਲਈ ਮਨੁੱਖ ਦੀ ਤਬਾਹੀ ਵੀ ਉਸੇ ਦੇ ਕਰਮਾਂ ਦਾ ਨਤੀਜਾ ਹੈ। ਪਰ ਜੋ ਮਾਰ ਨਿਰਦੋਸ਼ ਪਸ਼ੂਆਂ-ਪੰਛੀਆਂ ਨੂੰ ਪੈਂਦੀ ਹੈ, ਉਹ ਵੀ ਅਸਹਿ ਹੈ। ਕਿਲੇ ਨਾਲ ਬੱਝੇ ਪਸ਼ੂ ਡੁੱਬ ਕੇ ਮਰ ਜਾਂਦੇ ਹਨ। ਜੰਗਲੀ ਜਾਨਵਰ ਕਿੱਥੇ ਜਾਣ। ਪੰਛੀਆਂ ਦੇ ਆਲ੍ਹਣੇ ਟੁੱਟ ਜਾਂਦੇ ਹਨ। ਚੋਗਾ ਨਾ ਮਿਲਣ ਕਰਕੇ ਭੁੱਖੇ ਮਰ ਜਾਂਦੇ ਹਨ। ਇੱਥੋਂ ਤੱਕ ਕਿ ਗਿਰਝਾਂ ਵੀ ਤਰਦੀਆਂ ਲਾਸ਼ਾਂ ਨਹੀਂ ਨੋਚ ਸਕਦੀਆਂ। ਧਰਤੀ ਹੇਠਲੇ ਜੀਵਾਂ ਦਾ ਹਾਲ ਵੀ ਮਾੜਾ ਹੋ ਜਾਂਦਾ ਹੈ। ਇਹ ਇਕ ਕੌੜਾ ਸੱਚ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਕੁਦਰਤ ਦੀ ਕਰੋਪੀ ਨੂੰ ਰੋਕ ਤਾਂ ਨਹੀਂ ਸਕਦਾ ਪਰ ਵਿਕਾਸ ਦੇ ਨਾਂਅ 'ਤੇ ਇਸ ਵਿਚ ਵਾਧਾ ਤਾਂ ਨਾ ਕਰੇ।

## ਖੁਰਾਕੀ ਤੱਤਾਂ ਦੀ ਸਹੀ ਵਰਤੋਂ

# ਬੀ.ਟੀ. ਨਰਮੇ ਦਾ ਝਾੜ ਵਧਾਉਣ ਲਈ ਅਤਿ ਜ਼ਰੂਰੀ



ਸੁਖਵਿੰਦਰ ਸਿੰਘ ਅਤੇ ਕੇ. ਐਸ. ਸੇਖੋਂ

ਨਰਮੇ ਦੇ ਭਰਪੂਰ ਵਧੇ ਅਤੇ ਝਾੜ ਲਈ ਖੁਰਾਕੀ ਤੱਤਾਂ ਦੀ ਸੰਤੁਲਿਤ ਵਰਤੋਂ ਲਾਜ਼ਮੀ ਹੈ। ਵਧੇਰੇ ਝਾੜ ਦੇਣ ਵਾਲੀਆਂ ਨਰਮੇ ਦੀਆਂ ਬੀ.ਟੀ. ਕਿਸਮਾਂ ਵਿਚ ਖੁਰਾਕੀ ਤੱਤਾਂ ਦੀ ਕਮੀ ਜ਼ਿਆਦਾ ਪਾਈ ਜਾਂਦੀ ਹੈ, ਕਿਉਕਿ ਨਰਮੇ ਵਿਚ ਪੱਤਿਆਂ ਦਾ



ਵਾਧਾ, ਫੁੱਲ-ਡੋਡੀ ਅਤੇ ਟੀਂਡੇ ਬਣਨ ਦੀ ਪ੍ਰਕਿਰਿਆ ਨਾਲੋ-ਨਾਲ ਚਲਦੀ ਰਹਿੰਦੀ ਹੈ ਅਤੇ ਖੁਰਾਕੀ ਤੱਤਾਂ ਦੀ ਖਪਤ ਦੇ ਸਿੱਟੇ ਵਜੋਂ ਪੱਤਿਆਂ ਦਾ ਪੀਲਾਪਣ ਤੇ ਲਾਲੀ, ਫੁੱਲ-ਡੋਡੀ ਤੇ ਕੱਚੇ ਟੀਂਡੇ ਝੜਨਾ ਅਤੇ ਟੀਡਿਆਂ ਦਾ ਛੋਟਾ ਆਕਾਰ ਆਦਿ ਮੁਸ਼ਕਿਲਾਂ 'ਚ ਘਿਰੀ ਫਸਲ ਦਾ ਝਾੜ ਘੱਟ ਜਾਂਦਾ ਹੈ। ਸਰਵੇਖਣ ਦੌਰਾਨ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਖੇਤਾਂ ਵਿਚ ਫਸਲ ਉਪਰ ਖੁਰਾਕੀ ਤੱਤਾਂ ਦੀ ਕਮੀ ਦੇ ਲੱਛਣ ਅਗੇਤੇ ਪ੍ਰਗਟ ਹੋ ਜਾਂਦੇ ਹਨ। ਖਾਸ ਕਰਕੇ ਪਿਛੇਤੀ ਬਿਜਾਈ ਵਾਲੇ ਖੇਤ, ਜਿੱਥੇ ਕੀੜੇ ਮਕੌੜਿਆਂ ਦੇ ਹਮਲੇ ਦੇ ਡਰੋਂ ਯੂਰੀਆ ਖਾਦ ਦੀ ਘੱਟ ਵਰਤੋਂ ਕੀਤੀ ਜਾਂਦੀ ਹੈ, ਨਰਮ ਪੂਰਾ ਕੱਦ ਨਹੀਂ ਕਰਦਾ। ਇਸ ਲਈ ਦਰਮਿਆਨੀ ਉਪਜਾਊ ਸ਼ਕਤੀ ਵਾਲੀ ਜ਼ਮੀਨ ਵਿਚ 90 ਕਿਲੋਗ੍ਰਾਮ ਪ੍ਰਤੀ ਏਕੜ ਯੂਰੀਆ ਖਾਦ, ਜਿਸ ਵਿਚੋਂ ਅੱਧੀ ਬੂਟੇ ਵਿਰਲੇ ਕਰਨ ਸਮੇਂ ਅਤੇ ਬਾਕੀ ਅੱਧੀ ਫੁੱਲ ਨਿਕਲਣ ਸਮੇਂ ਪਾਓ। ਕਮਜ਼ੋਰ ਜ਼ਮੀਨਾਂ ਵਿਚ ਯੂਰੀਆ ਖਾਦ ਦੀ ਪਹਿਲੀ ਕਿਸ਼ਤ ਬਿਜਾਈ ਸਮੇਂ ਹੀ ਪਾ ਦਿਓ।

ਫੁੱਲ ਪੈਣ ਅਤੇ ਫੁੱਲ ਤੋਂ ਟੀਂਡਾ ਬਣਨ ਦੀ ਪ੍ਰਕਿਰਿਆ ਦੌਰਾਨ ਤੱਤਾਂ ਦੀ ਖਪਤ ਵਧਣ ਕਰਕੇ ਆਈ ਘਾਟ ਕਾਰਨ ਫੁੱਲ ਤੇ ਟੀਂਡੇ ਝੜਨ ਅਤੇ ਟੀਡਿਆ ਦਾ ਛੋਟਾ ਆਕਾਰ ਨਰਮੇ ਦੇ ਝਾੜ ਵਿਚ ਵੱਡੀ ਕਮੀ ਕਰ ਦਿੰਦਾ ਹੈ। ਜ਼ਿਆਦਾ ਘਾਟ ਦੀ ਹਾਲਤ ਵਿਚ ਪੌਦੇ ਕੁਮਲਾਅ ਕੇ ਸੁੱਕਣ ਲਗਦੇ ਹਨ। ਇਸ ਲਈ ਫਸਲ ਲਈ ਨਾਈਟ੍ਰੋਜਨ ਅਤੇ ਪੋਟਾਸ਼ੀਅਮ ਤੱਤ ਦੀ ਘਾਟ ਪੂਰਾ ਕਰਨ ਲਈ 2 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਚਾਰ ਛਿੜਕਾਅ (2 ਕਿਲੋਗ੍ਰਾਮ ਪ੍ਰਤੀ 100 ਲੀਟਰ ਪਾਣੀ ਵਿਚ ਘੋਲ ਕੇ) ਹਫਤੇ-ਹਫਤੇ ਬਾਅਦ ਕਰੋ।

ਬਰਸਾਤਾਂ 'ਚ ਨਰਮੇਂ ਦੇ ਪੱਤੇ ਲਾਲ ਹੋ ਕੇ ਝੜਨ ਲਗਦੇ ਹਨ, ਟੀਂਡੇ ਲਾਲ ਭਾਅ ਮਾਰਦੇ ਹਨ। ਇਹ ਅਲ੍ਹਾਮਤ 'ਫਸਲ 'ਚੋਂ ਲਾਟ ਨਿਕਲੇਗੀ' ਵਾਂਗ ਨਜ਼ਰ ਆਉਂਦੀ ਹੈ। ਇਸ ਦੀ ਰੋਕਥਾਮ ਲਈ ਮੈਗਨੀਸ਼ੀਅਮ ਸਲਫੇਟ 1 ਕਿਲੋ ਗ੍ਰਾਮ ਪ੍ਰਤੀ 100 ਲੀਟਰ ਪਾਣੀ ਦੇ ਹਿਸਾਬ ਨਾਲ ਫੁੱਲਡੋਡੀ ਪੈਣ ਅਤੇ ਟੀਂਡੇ ਬਣਨ ਸਮੇਂ ਦੋ ਹਫਤੇ ਦੇ ਫਰਕ ਨਾਲ ਕਰਨੇ ਚਾਹੀਦੇ ਹਨ। ਜ਼ਿਆਦਾ ਘਾਟ ਆਉਣ ਦੇ ਖਦਸ਼ੇ ਦੀ ਹਾਲਾਤ ਵਿਚ ਜਾਂ ਜੇਕਰ ਪਿਛਲੇ ਸਾਲ ਇਹ ਸਮੱਸਿਆ ਆਈ ਸੀ ਤਾਂ 25 ਕਿਲੋਗ੍ਰਾਮ ਪ੍ਰਤੀ ਏਕੜ ਮੈਗਨੀਸ਼ੀਅਮ ਸਲਫੇਟ ਬਿਜਾਈ ਸਮੇਂ ਹੀ ਪਾ ਦਿਉ। ਅਚਾਨਕ ਲੱਗੀ ਔੜ ਨਾਲ ਨਰਮੇ ਦੇ ਝਾੜ ਦੇ ਨੁਕਸਾਨ ਨੂੰ ਘੱਟ ਕਰਨ ਲਈ ਔੜ ਸਮੇਂ 12.5 ਗ੍ਰਾਮ ਪ੍ਰਤੀ ਏਕੜ ਸੈਲੀਸਿਲਕ ਐਸਿਡ ਨੂੰ 375 ਮਿਲੀਲੀਟਰ ਈਥਾਈਲ ਅਲਕੋਹਲ ਦੇ ਘੋਲ ਨੂੰ 125 ਲੀਟਰ ਪਾਣੀ ਵਿਚ ਮਿਲਾ ਕੇ ਛਿੜਕਾਅ ਕਰੋ। ਧਿਆਨ ਰਹੇ ਕਿ ਫੁੱਲ ਪੈਣ ਤੋਂ ਟੀਂਡੇ ਬਣਨ ਵੇਲੇ ਔੜ ਨਾ ਲੱਗੇ। ਜ਼ਮੀਨ ਦੀ ਕਿਸਮ ਅਤੇ ਮੌਸਮ ਅਨੁਸਾਰ 4-6 ਪਾਣੀਆਂ ਦੀ ਲੋੜ ਹੁੰਦੀ ਹੈ ਤਾਂ ਕਿ ਜ਼ਮੀਨ ਵਿਚ ਸਿੱਲ੍ਹ ਬਣੀ ਰਹੇ ਤੇ ਖੁਰਾਕੀ ਤੱਤਾਂ ਅਤੇ ਪਾਣੀ ਦੀ ਸੁਚੱਜੀ ਵਰਤੋਂ ਕਰ ਕੇ ਨਰਮੇ ਦੀ ਵਧੇਰੇ ਅਤੇ ਮਿਆਰੀ ਪੈਦਾਵਾਰ ਲਈ ਜਾ ਸਕਦੀ ਹੈ।

# ਕਿਸਾਨਾਂ ਦੀ ਆਮਦਨ ਵਧਾਉਣ ਲਈ ਲਾਹੇਵੰਦ ਸੁਰੱਖਿਅਤ ਖੇਤੀ ਅਤੇ ਸੂਖਮ ਸਿੰਚਾਈ

ਡਾ. ਜੁਗਰਾਜ ਸਿੰਘ, ਡਾ. ਨਿਲੇਸ਼ ਬਿਵਾਲਕਰ, ਡਾ. ਰਾਕੇਸ਼ ਸ਼ਾਰਦਾ,
ਭੂਮੀ ਅਤੇ ਪਾਣੀ ਇੰਜੀਨੀਅਰਿੰਗ ਵਿਭਾਗ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।

ਪੰਜਾਬ ਰਾਜ ਜੋ ਕਿ 50.36 ਲੱਖ ਹੈਕਟੇਅਰ ਰਕਬੇ ਵਿਚ ਫੈਲਿਆ ਹੋਇਆ ਹੈ, ਉਸ ਵਿਚ 41.71 ਲੱਖ ਹੈਕਟੇਅਰ ਰਕਬੇ 'ਚ ਖੇਤੀ ਕੀਤੀ ਜਾਂਦੀ ਹੈ। ਇਸ ਸਮੇਂ ਪੰਜਾਬ 'ਚ 4,22,022 ਹੈਕਟੇਅਰ ਰਕਬੇ 'ਚ ਫਲਾਂ ਅਤੇ ਸਬਜ਼ੀਆਂ ਦੀ ਕਾਸ਼ਤ ਹੋ ਰਹੀ ਹੈ, ਜਿਸ 'ਚੋਂ 93615 ਹੈਕਟੇਅਰ ਰਕਬੇ 'ਚ ਫਲਾਂ ਦੀ 2,87,744 ਹੈਕਟੇਅਰ 'ਚ ਸਬਜ਼ੀਆਂ ਦੀ, 2177 ਹੈਕਟੇਅਰ 'ਚ ਫੁੱਲਾਂ ਦੀ ਅਤੇ 36486 ਹੈਕਟੇਅਰ ਰਕਬੇ 'ਚ ਸੁਗੰਧ ਅਤੇ ਮਸਾਲਿਆਂ ਵਾਲੀਆਂ ਫਸਲਾਂ ਦੀ ਕਾਸ਼ਤ ਹੋ ਰਹੀ ਹੈ। ਸੂਖਮ ਸਿੰਚਾਈ ਪ੍ਰਣਾਲੀ ਸਿਰਫ ਪਾਣੀ ਬਚਾਉਣ ਦੇ ਹੀ ਕੰਮ ਨਹੀਂ ਆਉਂਦੀ ਹੈ, ਸਗੋਂ ਇਸ ਨਾਲ ਊਰਜਾ, ਲੇਬਰ ਅਤੇ ਖਾਦ ਪ੍ਰਬੰਧਨ ਦੀ ਸੁਚੱਜੀ ਵਰਤੋਂ ਫਸਲ ਉਤਪਾਦਨ ਵਧਾਉਣ 'ਚ ਵੀ ਸਹਾਈ ਹੁੰਦੀ ਹੈ। ਸੂਖਮ ਸਿੰਚਾਈ ਪ੍ਰਣਾਲੀ ਦੀ ਵਰਤੋਂ ਨਾਲ ਪਾਣੀ ਦੀ ਸੁਚੱਜੀ ਵਰਤੋਂ ਤਾਂ ਹੁੰਦੀ ਹੀ ਹੈ ਪਰ ਨਾਲ ਦੀ ਨਾਲ ਖੇਤੀ ਜ਼ਮੀਨ ਨੂੰ ਬਚਾਉਣ, ਜ਼ਮੀਨੀ ਉਤਪਾਦਕਤਾ ਵਧਾਉਣ ਅਤੇ ਕਿਸਾਨਾਂ ਦੀ ਸਮਾਜਿਕ ਅਤੇ ਆਰਥਿਕ ਹਾਲਤ ਨੂੰ ਉੱਪਰ ਚੁੱਕਣ ਦੇ ਕੰਮ ਵੀ ਆਉਂਦੀ ਹੈ। ਖੇਤਰੀ ਨਿਰੀਖਣਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸੂਖਮ ਸਿੰਚਾਈ ਦੀ ਵਰਤੋਂ ਨਾਲ ਫਸਲਾਂ ਦੇ ਝਾੜ 'ਚ 20-90 ਫੀਸਦੀ ਵਾਧਾ ਦਰਜ ਕੀਤਾ ਜਾ ਸਕਦਾ ਹੈ। ਨਦੀਨਾਂ ਦੀ ਰੋਕਥਾਮ ਹੁੰਦੀ ਹੈ, ਭੌਂ-ਖੁਰ ਰੁਕਦੀ ਹੈ ਅਤੇ ਫਸਲਾਂ ਦੇ ਉਤਪਾਦਨ ਖਰਚ ਘੱਟਦਾ ਹੈ। ਇਨ੍ਹਾਂ ਸਾਧਨਾਂ ਦੀ ਵਰਤੋਂ ਨਾਲ ਕਿਰਤੀ ਕਾਰਵਾਈ ਵਾਲੇ ਕੰਮਾਂ ਵਿਚ ਕਮੀ ਆਉਂਦੀ ਹੈ ਅਤੇ ਪੰਪਾਂ ਦੇ ਘੱਟ ਚੱਲਣ ਨਾਲ ਊਰਜਾ ਦੀ ਬੱਚਤ ਹੁੰਦੀ ਹੈ। ਵਿਕਸਿਤ ਸੂਖਮ ਸਿੰਚਾਈ ਤਕਨੀਕਾਂ 'ਚ ਤੁਪਕਾ ਅਤੇ ਫੁਆਰਾ ਸਿੰਚਾਈ ਤਕਨੀਕਾਂ ਪ੍ਰਮੁੱਖ ਹਨ। ਤੁਪਕਾ ਅਤੇ ਫੁਆਰਾ ਸਿੰਚਾਈ ਪ੍ਰਣਾਲੀ ਦੀਆਂ ਆਪਣੀਆਂ ਵਿਸ਼ੇਸ਼ਤਾਈਆਂ ਹਨ, ਜਿਵੇਂ ਕਿ ਪ੍ਰਵਾਹ ਦਰਾਂ, ਦਬਾਅ ਦੀ ਲੋੜ, ਗਿੱਲਾ ਖੇਤਰਫਲ ਅਤੇ ਪ੍ਰਣਾਲੀ ਦੀ ਗਤੀਸ਼ੀਲਤਾ, ਪਰ ਦੋਵਾਂ ਪ੍ਰਣਾਲੀਆਂ 'ਚ ਪਾਣੀ ਵਰਤੋਂ ਕੁਸ਼ਲਤਾ ਵਧਾਉਣ ਦੀ ਸਮਰੱਥਾ ਬਹੁਤ ਜ਼ਿਆਦਾ ਹੈ। ਜਿੱਥੇ ਕਿ ਤੁਪਕਾ ਸਿੰਚਾਈ ਪਾਣੀ ਨੂੰ ਪਾਈਪਾਂ ਦੇ ਨੈੱਟਵਰਕ ਰਾਹੀਂ ਬੂਟਿਆਂ ਦੇ ਜੜ੍ਹ ਖੇਤਰ ਵਿਚ ਪਹੁੰਚਾਉਣ ਦੇ ਸਮਰੱਥ ਹੁੰਦੀ ਹੈ। ਉੱਥੇ ਫੁਆਰਾ ਸਿੰਚਾਈ ਪ੍ਰਣਾਲੀ ਨੋਜ਼ਲਾਂ ਦੀ ਸਹਾਇਤਾ ਨਾਲ ਪਾਣੀ ਨੂੰ ਮੀਂਹ ਦੀ ਤਰ੍ਹਾਂ ਹਵਾ ਵਿਚ ਛੱਡਦੀ ਹੈ ਜੋ ਕਿ ਮਿੱਟੀ ਉੱਪਰ ਡਿੱਗ ਕੇ ਸਤਹਿ ਨੂੰ ਗਿੱਲਾ ਕਰਦੀ ਹੈ। ਤੁਪਕਾ ਸਿੰਚਾਈ



ਵਿਚ ਪਾਣੀ ਦਾ ਨੁਕਸਾਨ ਨਾਂਹ ਦੇ ਬਰਾਬਰ ਅਤੇ ਇੱਕ ਵਧੀਆ ਤਰੀਕੇ ਨਾਲ ਅਤੇ ਚੰਗੇ ਪ੍ਰਬੰਧਨ ਵਾਲੇ ਤੁਪਕਾ ਸਿੰਚਾਈ ਵਾਲੇ ਸਿਸਟਮ ਦੀ ਸਿੰਚਾਈ ਕੁਸ਼ਲਤਾ 90 ਫੀਸਦੀ ਹੋ ਸਕਦੀ ਹੈ, ਜੋ ਕਿ ਰਵਾਇਤੀ ਢੰਗ ਦੇ ਸਿੰਚਾਈ ਸਿਸਟਮ (35-40 ਫੀਸਦੀ) ਨਾਲੋਂ ਕਿਤੇ ਵੱਧ ਹੈ। ਪਰ ਫੁਹਾਰਾ ਸਿੰਚਾਈ ਤਕਨੀਕ ਦੀ ਕਾਰਜ ਕੁਸ਼ਲਤਾ ਥੋੜ੍ਹੀ ਘੱਟ ਹੁੰਦੀ ਹੈ (70 ਫੀਸਦੀ), ਕਿਉਕਿ ਪਾਣੀ ਨੂੰ ਖੇਤ ਦੇ ਸਾਰੇ ਖੇਤਰ 'ਚ ਲਗਾਇਆ ਜਾਂਦਾ ਹੈ।

**ਸੂਖਮ ਸਿੰਚਾਈ ਦੇ ਲਾਭ**

1. ਸਿੰਚਾਈ ਲਈ ਵਰਤੇ ਜਾਂਦੇ ਪਾਣੀ ਦੀ ਬੱਚਤ।
2. ਪਾਣੀ ਲਗਾਉਣ ਦੀ ਦਰ 'ਚ ਕਮੀ।
3. ਬੂਟੇ ਦੁਆਲੇ ਪਾਣੀ ਦੀ ਇਕਸਾਰ ਲਵਾਈ।
4. ਪਾਣੀ ਦੀ ਸਹੀ ਅਤੇ ਢੁੱਕਵੀਂ ਜਗ੍ਹਾ ਉਪਰ ਲਵਾਈ।
5. ਖਾਦਾਂ ਅਤੇ ਰਸਾਇਣਾਂ ਦੀ ਅਸਰਦਾਰ ਵਰਤੋਂ।
6. ਜੜ੍ਹ ਖੇਤਰ ਵਾਤਾਵਰਨ ਦਾ ਵਧੀਆ ਕੰਟਰੋਲ।
7. ਮਹੱਤਵਪੂਰਨ ਹਾਲਾਤ ਤੱਕ ਵਧੀਆ ਹੋਇਆ ਉਤਪਾਦਨ।
8. ਖੇਤ ਉਤਪਾਦ ਦੀ ਵਧੀ ਹੋਈ ਗੁਣਵੱਤਾ।
9. ਬਿਮਾਰੀਆਂ ਉੱਪਰ ਵਧੀਆ ਕੰਟਰੋਲ।
10. ਨਦੀਨਾਂ ਦੀ ਉਚਿਤ ਰੋਕਥਾਮ।
11. ਘੱਟ ਬਿਜਲੀ ਵਰਤੋਂ ਨਾਲ ਊਰਜਾ ਦੀ ਬੱਚਤ।
12. ਘੱਟ ਕਿਰਤ ਕਾਮਿਆਂ ਦੀ ਲੋੜ।
13. ਭਾਰ 'ਚ ਹਲਕਾ ਹੋਣ ਕਰਕੇ ਸਿਸਟਮ ਨੂੰ ਬਗੈਰ ਮੁਸ਼ਕਿਲ ਅਲੱਗ-ਅਲੱਗ ਥਾਵਾਂ ਉਪਰ ਲਿਜਾਇਆ ਜਾ ਸਕਦਾ ਹੈ।
14. ਉੱਚੀ-ਨੀਵੀਂ ਭੂਗੋਲਿਕ ਸਥਿਤੀ 'ਚ ਵੀ ਇਸ ਦੀ ਵਰਤੋਂ ਆਸਾਨੀ ਨਾਲ ਹੋ ਸਕਦੀ ਹੈ।
15. ਸਿਸਟਮ ਦੀ ਵਰਤੋਂ ਦਿਨ ਦੇ ਨਾਲ-ਨਾਲ ਰਾਤ ਨੂੰ ਵੀ ਹੋ ਸਕਦੀ ਹੈ।

ਸੋ, ਸੂਖਮ ਸਿੰਚਾਈ ਨੂੰ ਅਪਣਾ ਕੇ ਕਿਸਾਨ ਨਾ ਸਿਰਫ ਕੁਦਰਤੀ ਸਰੋਤਾਂ ਨੂੰ ਬਚਾ ਸਕਦੇ ਹਨ, ਸਗੋਂ ਵਧੀ ਹੋਈ ਉਤਪਾਦਕਤਾ ਅਤੇ ਗੁਣਵੱਤਾ ਕਰਕੇ ਆਪਣੀ ਆਮਦਨ ਵਿਚ ਵੀ ਵਾਧਾ ਕਰ ਸਕਦੇ ਹਨ।

ਲਗਾਤਾਰ ਵਧ ਰਹੀ ਆਬਾਦੀ ਸ਼ਹਿਰੀਕਰਨ ਅਤੇ ਉਦਯੋਗੀਕਰਨ ਕਰਕੇ ਖੇਤੀ ਥੱਲੇ ਜ਼ਮੀਨ ਲਗਾਤਾਰ ਘੱਟ ਰਹੀ ਹੈ। ਸੋ, ਇਸ ਲਈ ਲੋੜ ਹੈ ਕਿ ਫਸਲਾਂ ਦੀ ਉਤਪਾਦਕਤਾ ਵਧਾਈ ਜਾਵੇ ਤਾਂ ਜੋ ਵਧ ਰਹੀ ਆਬਾਦੀ ਦੀ ਖੁਰਾਕ ਦੀ ਮੰਗ ਨੂੰ ਪੂਰਿਆ ਕੀਤਾ ਜਾ ਸਕੇ। ਪ੍ਰਤੀਕੂਲ ਮੌਸਮੀ ਹਾਲਾਤ ਸਬਜ਼ੀਆਂ ਖੁੱਲ੍ਹੇ ਆਸਮਾਨ ਹੇਠਾਂ ਕਾਸ਼ਤ 'ਚ ਉਤਪਾਦਕਤਾ ਅਤੇ ਗੁਣਵੱਤਾ ਉੱਪਰ ਮਾੜਾ ਅਸਰ ਪਾਉਂਦੇ ਹਨ। ਇਨ੍ਹਾਂ ਹਾਲਾਤਾਂ ਵਿਚ ਸੁਰੱਖਿਅਤ ਖੇਤੀ ਇਕ ਵਧੀਆ ਬਦਲ ਹੈ। ਸ਼ਿਮਲਾ ਮਿਰਚ ਅਤੇ ਟਮਾਟਰ ਦੀ ਕਾਸ਼ਤ ਗਰੀਨ ਹਾਊਸ 'ਚ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਨ੍ਹਾਂ ਸਬਜ਼ੀਆਂ ਦੀ ਸੁਰੱਖਿਅਤ ਖੇਤੀ ਨਾਲ (ਵਾਲਕਿੰਗ ਟਨਲ, 3 ਮੀਟਰ ਉਚਾਈ ਤੱਕ) ਝਾੜ 'ਚ ਚੋਖਾ ਵਾਧਾ ਹੁੰਦਾ ਹੈ। ਜੇ ਇਨ੍ਹਾਂ ਫਸਲਾਂ ਦੀ ਰਵਾਇਤੀ ਢੰਗਾਂ ਨਾਲ ਕਾਸ਼ਤ ਕੀਤੀ ਜਾਵੇ ਤਾਂ ਉਤਪਾਦਨ ਮੌਸਮੀ ਕਾਰਕਾਂ ਕਰਕੇ ਘੱਟ ਹੁੰਦਾ ਹੈ। ਰਵਾਇਤੀ ਢੰਗਾਂ ਨਾਲ ਵੀ ਇਨ੍ਹਾਂ ਫਸਲਾਂ ਦੀ ਬੇਮੌਸਮੀ ਕਾਸ਼ਤ ਨਹੀਂ ਕੀਤੀ ਜਾ ਸਕਦੀ। ਉਦਾਹਰਨ ਦੇ ਤੌਰ 'ਤੇ ਸ਼ਿਮਲਾ ਮਿਰਚ ਦੀ ਕਾਸ਼ਤ ਜੇਕਰ ਖੁੱਲ੍ਹੇ ਆਸਮਾਨ ਹੇਠ ਕੀਤੀ ਜਾਵੇ ਤਾਂ ਝਾੜ 250 ਕੁਇੰਟਲ ਪ੍ਰਤੀ ਹੈਕਟੇਅਰ ਨਿਕਲਦਾ ਹੈ ਅਤੇ ਜੇਕਰ ਸ਼ਿਮਲਾ ਮਿਰਚ ਨੈੱਟ ਹਾਊਸ ਵਿਚ ਲਗਾਈ ਜਾਵੇ ਤਾਂ ਝਾੜ 300 ਕੁਇੰਟਲ ਪ੍ਰਤੀ ਹੈਕਟੇਅਰ ਨਿਕਲਦਾ ਹੈ। ਜੇਕਰ ਸ਼ਿਮਲਾ ਮਿਰਚ ਵੱਡੇ ਗਰੀਨ ਹਾਊਸ ਵਿਚ ਲਗਾਈ ਜਾਵੇ ਤਾਂ ਝਾੜ 1000 ਕੁਇੰਟਲ ਪ੍ਰਤੀ ਹੈਕਟੇਅਰ ਨੂੰ ਛੋਹ ਜਾਂਦਾ ਹੈ। ਵੱਡੇ ਗਰੀਨ ਹਾਊਸ ਵਿਚ ਵੱਧ ਤਾਪਮਾਨ ਜ਼ਿਆਦਾ ਦੇਰ ਤੱਕ ਸਥਿਰ ਰਹਿੰਦਾ ਹੈ, ਜੋ ਫਸਲ ਉਤਪਾਦਕਤਾ ਵਧਾਉਣ ਵਿਚ ਸਹਾਈ ਹੁੰਦਾ ਹੈ। ਅਲੱਗ-ਅਲੱਗ ਰੰਗਾਂ ਵਾਲੀ ਸ਼ਿਮਲਾ ਮਿਰਚ ਦੀ ਕਾਸ਼ਤ ਸਿਰਫ ਗਰੀਨ ਹਾਊਸ ਵਿਚ ਹੀ ਢੁੱਕਵੀਂ ਹੈ ਕਿਉਕਿ ਖੁੱਲ੍ਹੇ ਆਸਮਾਨ ਹੇਠ ਕੀਤੀ ਕਾਸ਼ਤ ਨਾਲ ਇਨ੍ਹਾਂ ਕਿਸਮਾਂ ਦਾ ਰੰਗ ਨਹੀਂ ਬਣਦਾ। ਕਿਉਂ ਜੋ ਗਰੀਨ ਹਾਊਸ ਨੂੰ ਬਣਾਉਣ ਵਿਚ ਕਾਫੀ ਲਾਗਤ ਹੁੰਦੀ ਹੈ, ਇਸ ਲਈ ਕਿਸਾਨ ਵੀਰ ਗਰੀਨ ਹਾਊਸ ਵਿਚ ਰੰਗ-ਬਰੰਗੀ ਸ਼ਿਮਲਾ ਮਿਰਚ ਦੀ ਕਾਸ਼ਤ ਨੂੰ ਕਰਨ ਦੀ ਤਰਜੀਹ ਦਿੰਦੇ ਹਨ। ਕਿਉਕਿ ਅਲੱਗ-ਅਲੱਗ ਰੰਗਾਂ ਵਾਲੀਆਂ ਮਿਰਚ ਦੀ ਬਾਜ਼ਾਰ ਵਿਚ ਕੀਮਤ ਵਧ ਮਿਲਦੀ ਹੈ।

ਪੰਜਾਬ ਸਰਕਾਰ ਵਲੋਂ ਸੂਖਮ ਸਿੰਚਾਈ ਅਤੇ ਸੁਰੱਖਿਅਤ ਖੇਤੀ ਉੱਪਰ ਕਿਸਾਨਾਂ ਨੂੰ ਉਪਦਾਨ (ਸਬਸਿਡੀ) ਦਿੱਤੀ ਜਾਂਦੀ ਹੈ। ਸੁਰੱਖਿਅਤ ਖੇਤੀ 'ਚ ਕਿਸਾਨ ਵੀਰ ਵੱਖੋ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਫਲਾਂ, ਫੁੱਲਾਂ, ਜੜ੍ਹੀ ਬੂਟੀਆਂ, ਪਨੀਰੀਆਂ ਆਦਿ ਦੀ ਕਾਸ਼ਤ ਕਰਕੇ ਆਪਣੀ ਆਮਦਨ ਵਧਾ ਸਕਦੇ ਹਨ।

# ਆਪਣਿਆਂ ਲਈ ਰੌਂਦਾ ਕੁਰਲਾਉਂਦਾ ਪੰਜਾਬ ਹੁਣ ਉੱਜੜ ਰਿਹਾ (ਪੰਜਾਬ ਬੀਤੀ)





**ਕਮਲਇੰਦਰਜੀਤ ਸਿੰਘ ਬਾਜਵਾ,**
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
(ਮੋ. 98150-82401)

ਟੀਕਿਆਂ ਚਿੱਟਿਆਂ ਤੋਂ ਡਰਦੇ ਮਾਪੇ,
ਦਰ ਦਰ ਖੁੱਲ੍ਹੇ ਆਈਲੈਟਸ ਕਾਲਜ ਭੇਜੇ,
ਡਾਕਟਰ ਇੰਜੀਨੀਅਰ ਵਕੀਲ ਬਣਾਉਣ ਨਾਲੋਂ,
ਧੀ ਪੁੱਤਰ ਨੂੰ ਲੋਕ ਵਿਦੇਸ਼ੀ ਤੋਰਨ,
ਡਿਗਰੀ ਕਾਲਜ ਵੀ ਬੰਦ ਨੇ ਯਾਰੋ,
ਨਵੇਂ ਪੰਜਾਬ ਦੀ ਸਿਰਜਣਾ ਕਰਦਿਆਂ,
ਡਾਕਟਰ ਵਕੀਲ ਇੰਜੀਨੀਅਰ ਨਵੇਂ,
ਪੰਜਾਬ ਲਈ ਕਿੱਥੋਂ ਹੁਣ ਲੱਭ ਲਿਆਵਾਂ,
ਧੀਆਂ ਬਣਨ ਮੁਟਿਆਰਾਂ ਨਾ ਹੁਣ,
ਸਿੱਧੀਆਂ ਨੂੰਹਾਂ ਬਣਨ ਨੂੰ ਜਾਵਣ ।
ਸ਼ਰਮਾ ਇੱਜ਼ਤਾਂ ਨੂੰ ਹੁਣ ਲਾਉਂਦਿਆਂ,
ਵੈਸਟਰਨ ਕਲਚਰ ਨੂੰ ਹੱਥ ਮਾਰਨ,
ਆਪਨਿਆਂ ਲਈ ਰੌਂਦਾ ਕੁਰਲਾਉਂਦਾ
ਪੰਜਾਬ ਹੁਣ ਉੱਜੜ ਰਿਹਾ ।

ਬੇਰੋਜ਼ਗਾਰਾਂ ਦੀ ਵੱਧਦੀ ਤਾਦਾਦ ਨੂੰ,
ਸਿਆਸੀ ਲਾਰਿਆਂ ਓਵਰਏਜ ਕੀਤਾ,
ਨੌਜਵਾਨ ਰੋਜ਼ਗਾਰਾਂ ਦੀ ਭਾਲ 'ਚ,
ਜ਼ਮੀਨਾਂ ਵੇਚ ਹੁਣ ਵਿਦੇਸ਼ਾਂ ਦੋੜ,
ਰਾਸ਼ਨ ਕਾਰਡਾਂ ਵਾਂਗ ਪਾਸਪੋਰਟ ਬਣਾਉਣ,
ਜ਼ਮੀਨਾਂ ਕੋਠੀਆਂ ਦੇ ਮੁੱਲ ਨੇ ਅੱਧੇ,
ਪਿੰਡਾਂ ਦੇ ਪਿੰਡ ਖਾਲੀ ਹੋ ਜਾਵਣ,
ਕਦੋਂ ਪੰਜਾਬ ਵੱਲ ਫਿਰ ਮੂੰਹ ਕਰਨ,
ਆਪਨਿਆਂ ਲਈ ਰੌਂਦਾ ਕੁਰਲਾਉਂਦਾ
ਪੰਜਾਬ ਹੁਣ ਉੱਜੜ ਰਿਹਾ ।

ਹਰ ਕੋਈ ਸੱਥਾਂ 'ਚ ਬੈਠਾ ਗੱਲਾਂ ਛੇੜੇ,
ਜਿਹੜੀ ਬਚੀ ਖੁਚੀ ਹੈ ਪੀੜ੍ਹੀ,
ਸੋਸ਼ਲ ਮੀਡੀਆ ਨੇ ਕੀਤੀ ਗਰਕ,
ਵੱਡੇ ਛੋਟੇ ਦੀ ਨਾ ਸ਼ਰਮ ਕੋਈ,
ਭੜਕਾਊ ਪੇਜਾਂ ਤੇ ਉਤੇਜਨਾ ਪਲਦੀ,
ਇੱਜ਼ਤਾਂ ਅਣਖਾਂ ਖਤਮ ਨੇ ਯਾਰਾ,
ਲਿਵਿੰਗ ਰਿਲੇਸ਼ਨ ਨੇ ਆਮ ਸੱਜਣਾਂ,
ਫੜ੍ਹ ਲੋ ਲੁੱਟ ਲੋ ਦੀ ਜ਼ਿੰਦਗੀ ਬਣਾ ਤੀ,
ਲਵ-ਮੈਰਿਜਾਂ ਨੇ ਗਿਣਤੀ ਵਧਾਈ,
ਬਜ਼ੁਰਗ ਪੀੜ੍ਹੀ ਦੇਖ ਕੁਰਲਾਈ,
ਫਾਰਮੈਲਟੀਆਂ ਦੀ ਐਂ ਲੋਕ ਕਹਾਣੀ,
ਆਪਨਿਆਂ ਲਈ ਰੌਂਦਾ ਕੁਰਲਾਉਂਦਾ,
ਪੰਜਾਬ ਹੁਣ ਉੱਜੜ ਰਿਹਾ ।

ਆਈਲੈਟਸ ਨੇ ਜਾਤ ਪਾਤ ਖਤਮ ਕੀਤੀ,
ਆਈਲੈਟਸ ਨਾਲ ਹੁਣ ਆਈਲੈਟਸ ਦੀ,
ਬਾਹਰ ਜਾਣ ਦੀ ਡਿਮਾਂਡ ਹੈ ਯਾਰੋ,
ਏਸ ਨੇ ਰਾਖਵੇਂਕਰਨ ਦਾ ਜੱਬ ਮੁਕਾਇਆ,
ਨਵੀਂ ਪੀੜ੍ਹੀ ਨੇ ਡੇਰਿਆਂ ਨੂੰ ਜਾਂਦੇ,
ਅੰਧਵਿਸ਼ਵਾਸਾਂ ਤੇ ਵਹਿਮਾਂ ਭਰਮਾਂ ਨਾਲ,
ਚੜ੍ਹਦੇ ਚੜਾਵੇ ਦਾ ਜੱਬ ਮੁਕਾਇਆ ।
ਵਧਦੇ ਬੋਝ ਤੇ ਖੁਸ਼ਕੀ ਦੀ ਦੌੜ ਨੇ,
ਨਵੇਂ ਜੰਮਣ ਵਾਲੇ ਉੱਘੇ ਕਹਾਣੀਕਾਰਾਂ,
ਸਾਹਿਤਕਾਰਾਂ ਲੇਖਕਾਂ ਦਾ ਰਾਹ ਮਕਾਇਆ ।
ਆਪਨਿਆਂ ਲਈ ਰੌਂਦਾ ਕੁਰਲਾਉਂਦਾ
ਪੰਜਾਬ ਹੁਣ ਉੱਜੜ ਰਿਹਾ ।

ਟੀਵੀਆਂ ਨਾਲੋਂ ਲੋਕ ਮੋਬਾਇਲਾਂ ਤੇ,
ਸਮਾਂ ਖਰਾਬ ਕਰਨ ਨੂੰ ਤਰਜ਼ੀਹ ਦੇਵਣ ।
ਸਰ੍ਹੋਂ ਦੇ ਸਾਗ ਦੀ ਥਾਂ ਲੈ ਲਈਆਂ ਨੇ,
ਹੁਣ ਬਰਗਰ ਪੀਜ਼ੇ ਨਿਊਡਲ ਖਾਵਣ,
ਚਾਲੀ ਕਿਲੋ ਦੇ ਜਵਾਨ ਫਿੱਟ ਕਹਾਉਣ ।
ਕੰਮ ਘੱਟ ਦਿਖਾਵੇ ਨਾਲ ਰਿਸ਼ਤੇ ਕਮਾਉਣ,
ਮਾਨਸਿਕ ਸ਼ੋਸ਼ਣ ਨੂੰ ਨਾ ਜ਼ੁਰਮ ਕਹਾਉਣ,
ਆਪਨਿਆਂ ਲਈ ਰੌਂਦਾ ਕੁਰਲਾਉਂਦਾ,
ਪੰਜਾਬ ਹੁਣ ਉੱਜੜ ਰਿਹਾ ।

ਸੋਸ਼ਲ ਮੀਡੀਆਂ ਯੁੱਗ 'ਚ ਲੋਕ,
ਮੀਡੀਆ ਗਰੁੱਪਾਂ ਨੂੰ ਪਰਿਵਾਰ ਸਮਝਣ,
ਸੋਚਾਂ ਦੇ ਅੰਤ ਵੀ ਹੁਣ ਖੁਸ਼ਕ ਹੋਏ ।
ਗਲਤ ਲੋਕਾਂ ਦੇ ਹੱਕ 'ਚ ਖਲੋਵਣ,
ਝੂਠ ਦੇ ਬੋਲ ਬਾਲੇ 'ਚ ਆਪ ਦੋਸ਼ੀ ਕਹਾਉਣ ।
ਆਪਣੇ ਪਰਾਏ ਦੀ ਨਾ ਕਦਰ ਰਹੀ,
ਦੁੱਖ ਦਿੱਲੋਂ ਫਿਰੋਲਣ ਨਾਲੋਂ ਲੋਕ,
ਹੁਣ ਇਕ ਦੂਜੇ ਨਾਲ ਸ਼ਰੀਕ ਬਣਨ,
ਇੱਕ ਦੂਜੇ ਦੇ ਪਰਛਾਵੇਂ ਤੋਂ ਡਰਨ,
ਲੰਮੀਆਂ ਦੁੱਖਾਂ ਸੁੱਖਾਂ ਦੀਆਂ ਬਾਤਾਂ ਦਾ,
ਏਸ ਯੁੱਗ 'ਚ ਹੀ ਹੋਇਆ ਅੰਤ,
ਮੁੰਡੇ ਕੁੜੀ ਦੇ ਹੁਣ ਲੱਗਣ ਮੁੱਲ,
ਚੌਦਾਂ ਸੋਲਾਂ ਲੱਖ ਲਾ ਬਾਹਰ ਜਾਵਣ,
ਨਾ ਨੌਕਰੀ ਨਾ ਜ਼ਮੀਨਾ ਚੱਲਣ,
ਆਪਨਿਆਂ ਲਈ ਰੌਂਦਾ ਕੁਰਲਾਉਂਦਾ,
ਪੰਜਾਬ ਹੁਣ ਉੱਜੜ ਰਿਹਾ ।

ਝੋਨੇ ਦਾ ਅਜੇ ਬਦਲ ਨਾ ਕੋਈ,
ਹਰ ਸਾਲ ਰੌਂਦਿਆਂ ਪਾਣੀ ਦੇ,
ਡਿੱਗਦੇ ਅੰਕੜਿਆਂ ਨੂੰ ਦੇਖੀਂ ਜਾਵਾਂ,
ਮੰਡੀ 'ਚ ਜਿਣਸ ਦਾ ਮੁੱਲ ਨਾ ਲੱਭੇ,
ਨੌਜਵਾਨ ਖੇਤੀ ਤੋਂ ਕਿੱਦਾਂ ਨਾ ਮੁੱਖ ਮੋੜਨ,
ਆਪਨਿਆਂ ਹੀ ਆਪਨਿਆਂ ਨੂੰ ਖਾਂਦਾ,
ਕਾਲੇ ਅੰਗਰੇਜ਼ਾਂ ਪੰਜਾਬ ਨਰਕ ਬਣਾਇਆ,
ਮੰਡੀਕਰਨ ਦੀ ਨਾ ਨੀਤੀ ਕੋਈ,
ਕਿਸਾਨ ਆਪਣੇ ਦਮੀਂ ਜਿਊਂਦਾ ਜਾਵੇ,
ਆਪਨਿਆਂ ਲਈ ਰੌਂਦਾ ਕੁਰਲਾਉਂਦਾ,
ਪੰਜਾਬ ਹੁਣ ਉੱਜੜ ਰਿਹਾ ।

ਬਾਜਵਿਆ ਤੂੰ ਵੀ ਰੋਂਦੀ ਕਲਮ ਨਾਲ,
ਰੌਂਦੇ ਪੰਜਾਬ ਦਾ ਬਿਰਤਾਂਤ ਸੁਣਾਇਆ,
ਜਿਨ੍ਹਾਂ ਇੱਜ਼ਤ ਤੇ ਜ਼ਮੀਨ ਲੈ ਦਿੱਤੀਆਂ,
ਪਤਾ ਨਹੀਂ ਕਿਹੜਾ ਜਿਗਰਾ ਕਰ,
ਵਡੇਰਿਆਂ ਦੀਆਂ ਜ਼ਮੀਨਾਂ ਛੱਡ,
ਬਜ਼ੁਰਗਾਂ ਦੇ ਸਿਦਕ ਨੂੰ ਲਾਂਬੂ ਲਾਅ,
ਸਭ ਕੱਬਰੀਂ ਆਣ ਮਿਲਾਇਆ ।
ਨਹੀਂ ਲੱਭਣੇ ਮਿਲਖਾ ਤੇ ਭਾਈ ਵੀਰ ਸਿੰਘ,
ਨਾ ਕਲਪਨਾ ਚਾਵਲਾ ਨਾ ਪੀ ਟੀ ਊਸ਼ਾ,
ਲੰਘਦੇ ਦਿਨਾਂ 'ਚ ਕਰ ਕਰ ਲੇਬਰਾਂ,
ਪੌਂਡ ਦਿਹਾੜੀਆਂ ਦੇ ਇਕੱਠੇ ਕਰ,
ਸਭ ਖੇਡਾਂ ਖਤਮ ਨੇ ਹੁਣ ਪੰਜਾਬ ਸਿੰਹਾਂ,
ਨਾਲੇ ਮਾਵਾਂ ਦੀਆਂ ਕਹਾਣੀਆਂ ।
ਆਪਨਿਆਂ ਲਈ ਰੌਂਦਾ ਕੁਰਲਾਉਂਦਾ,
ਪੰਜਾਬ ਹੁਣ ਉੱਜੜ ਰਿਹਾ ।

ਗੁਰਬਾਣੀ ਨੇ ਮਨੁੱਖ ਤੇ ਕੁਦਰਤ ਦਾ,
ਪੱਕਾ ਰਿਸ਼ਤਾ ਬਿਆਨ ਹੈ ਕੀਤਾ,
ਬੰਦੇ ਨੂੰ ਸਮਝ ਦਾ ਹੱਥ ਨਾ ਆਇਆ ਫੀਤਾ ।
ਮਾੜੇ ਹਾਲਾਤਾਂ ਤੋਂ ਵਿਦੇਸ਼ਾਂ ਦੀ ਦੌੜ ਨੇ,
ਵਿਦੇਸ਼ੀ ਕੂਚ ਕਰ ਸਮਾਂ ਪੁਰਾਣਾ ਆਉਣਾ,
ਕੀਤੇ ਕੀਤੇ ਜੰਗਲਾਂ ਦੇ ਸਮਿਆਂ ਵਾਂਗ,
ਸੜਕਾਂ ਤੇ ਪੰਜਾਬੀ ਨਹੀਂ ਲੱਭਾਉਣਾ ।
ਯਾਦਾਸ਼ਤ ਮੋਬਾਈਲ ਪੋਸਟਾਂ ਵਰਗੀ,
ਡੇਲੀ ਗੁੱਡ ਮੌਰਨਿੰਗ ਭੇਜਣ 'ਤੇ ਚੇਤੇ ਆਵੇ ।
ਚਿੱਠੀ ਪੱਤਰ ਵਿਆਹਾਂ ਭੋਗਾਂ ਦੇ ਸਭ,
ਵੱਟਸਐਪ ਫੇਸਬੁੱਕਾਂ ਪੇਜ਼ਾਂ ਤੱਕ ਨਬੇੜੇ,
ਲੀਡਰੀ ਤੇ ਮੈਂ ਮੈਂ ਦੇ ਕੀੜੇ ਨੇ,
ਪੰਜਾਬੀ ਕਿਰਦਾਰੋ ਬੇਕਦਰੇ ਕੀਤੇ,
ਆਪਨਿਆਂ ਲਈ ਰੌਂਦਾ ਕੁਰਲਾਉਂਦਾ,
ਪੰਜਾਬ ਹੁਣ ਉੱਜੜ ਰਿਹਾ ।

ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

Kheti Duniyan
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਤੁਸੀਂ ਆਪਣਾ ਚੰਦਾ ਖੇਤੀ ਦੁਨੀਆਂ ਦੇ ਬੈਂਕ ਆਫ਼ ਬੜੌਦਾ ਖਾਤਾ ਨੰ.01000200000551
IFSC Code BARB0PATIAL ਸਿੱਧੇ ਜਮ੍ਹਾਂ ਕਰਵਾ ਸਕਦੇ ਹੋ।

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 800/- ਰੁਪਏ

Excellence in Agri Info
KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : kdpublications@yahoo.co.in

# ਪੀ.ਏ.ਯੂ. ਨੇ ਸਤੰਬਰ ਕਿਸਾਨ ਮੇਲਿਆਂ ਦੀਆਂ ਤਰੀਕਾਂ ਐਲਾਨੀਆਂ

## 14 ਅਤੇ 15 ਸਤੰਬਰ ਨੂੰ ਲੁਧਿਆਣਾ ਵਿਖੇ ਹੋਵੇਗਾ ਦੋ ਰੋਜ਼ਾ ਕਿਸਾਨ ਮੇਲਾ




ਪੀ.ਏ.ਯੂ. ਨੇ ਹਾੜੀ ਦੀਆਂ ਫ਼ਸਲਾਂ ਲਈ ਸਤੰਬਰ 2023 ਵਿੱਚ ਲਾਏ ਜਾਣ ਵਾਲੇ ਕਿਸਾਨ ਮੇਲਿਆਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੀ ਸਰਪ੍ਰਸਤੀ ਹੇਠ ਪੀ.ਏ.ਯੂ. ਦੇ ਲੁਧਿਆਣਾ ਕੈਂਪਸ ਅਤੇ 6 ਖੇਤਰੀ ਕੇਂਦਰਾਂ ਵਿੱਚ ਮੇਲਿਆਂ ਦੀਆਂ ਤਰੀਕਾਂ ਨਿਸ਼ਚਿਤ ਕੀਤੀਆਂ ਗਈਆਂ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਨਿਰਦੇਸ਼ਕ ਪਸਾਰ ਸਿੱਖਿਆ ਡਾ. ਗੁਰਮੀਤ ਸਿੰਘ ਬੁੱਟਰ ਨੇ ਦੱਸਿਆ ਕਿ ਮੇਲਿਆਂ ਦਾ ਆਰੰਭ 5 ਸਤੰਬਰ ਨੂੰ ਨਾਗਕਲਾਂ (ਅੰਮ੍ਰਿਤਸਰ) ਵਿਖੇ ਲਾਏ ਜਾਣ ਵਾਲੇ ਕਿਸਾਨ ਮੇਲੇ ਨਾਲ ਹੋਵੇਗਾ। 8 ਸਤੰਬਰ ਨੂੰ ਬੱਲੋਵਾਲ ਸੌਂਖੜੀ ਅਤੇ 12 ਸਤੰਬਰ ਨੂੰ ਗੁਰਦਾਸਪੁਰ ਵਿੱਚ ਕਿਸਾਨ ਮੇਲੇ ਆਯੋਜਿਤ ਕੀਤੇ ਜਾਣਗੇ। ਇਸ ਤੋਂ ਬਾਅਦ 14 ਅਤੇ 15 ਸਤੰਬਰ ਨੂੰ ਲੁਧਿਆਣਾ ਵਿੱਚ ਦੋ ਰੋਜ਼ਾ ਕਿਸਾਨ ਮੇਲਾ ਕਰਵਾਇਆ ਜਾਵੇਗਾ। 19 ਸਤੰਬਰ ਨੂੰ ਫਰੀਦਕੋਟ ਵਿੱਚ 22 ਸਤੰਬਰ ਨੂੰ ਰੌਣੀ (ਪਟਿਆਲਾ) ਵਿੱਚ ਅਤੇ 27 ਸਤੰਬਰ ਨੂੰ ਬਠਿੰਡਾ ਵਿੱਚ ਕਿਸਾਨ ਮੇਲੇ ਆਯੋਜਿਤ ਕੀਤੇ ਜਾਣਗੇ।

# ਪਾਪੂਲਰ ਤੇ ਸਫੈਦਾ ਲਾਉਣ ਲਈ ਕਿਸਾਨ ਕਰਵਾ ਰਹੇ ਹਨ ਰਜਿਸਟ੍ਰੇਸ਼ਨ

## ਪੰਜਾਬ ਸਰਕਾਰ ਵੱਲੋਂ ਦਿੱਤੀ ਜਾ ਰਹੀ ਲੱਖਾਂ ਰੁਪਏ ਦੀ ਸਬਸਿਡੀ ਦਾ ਲੈ ਰਹੇ ਹਨ ਲਾਭ



ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ ਸਫੈਦਾ, ਪਾਪੂਲਰ ਅਤੇ ਡੇਕ ਉੱਤੇ ਸਬਸਿਡੀ ਦਿੱਤੀ ਜਾ ਰਹੀ ਹੈ, ਜਿਸ ਦਾ ਫਾਇਦਾ ਲੈਣ ਲਈ ਕਿਸਾਨ ਜੰਗਲਾਤ ਵਿਭਾਗ ਦੇ ਕੋਲ ਰਜਿਸਟ੍ਰੇਸ਼ਨ ਕਰਵਾ ਰਹੇ ਹਨ। ਪੂਰੇ ਪੰਜਾਬ ਦੇ ਵਿਚ ਲੱਖਾਂ ਹੀ ਕਿਸਾਨਾਂ ਨੇ ਇਸ ਸਮੇਂ ਪੰਜਾਬ ਸਰਕਾਰ ਦੀ ਇਸ ਸਕੀਮ ਨੂੰ ਅਪਣਾਇਆ ਹੈ ਅਤੇ ਤਿੰਨੇ ਬੂਟੇ ਲਾ ਕੇ ਮੋਟਾ ਮੁਨਾਫਾ ਵੀ ਕਮਾ ਰਹੇ ਹਨ। ਪੰਜਾਬ ਸਰਕਾਰ ਵਲੋਂ 60 ਰੁਪਏ ਪ੍ਰਤੀ ਬੂਟਾ ਸਬਸਿਡੀ ਦਿੱਤੀ ਜਾ ਰਹੀ ਹੈ। ਇਹ ਸਕੀਮ ਵੈਸੇ ਤਾਂ ਸਾਰੇ ਕਿਸਾਨਾਂ ਵਾਸਤੇ ਹੈ ਪਰ ਜਿਨ੍ਹਾਂ ਕਿਸਾਨਾਂ ਕੋਲ ਜ਼ਮੀਨ ਖਾਲੀ ਪਈ ਹੈ ਅਤੇ ਕੋਈ ਵੀ ਖੇਤੀਬਾੜੀ ਨਹੀਂ ਕਰਦਾ, ਆਪਣੀ ਜ਼ਮੀਨ ਤੇ ਸਫੈਦਾ, ਪਾਪੂਲਰ ਅਤੇ ਡੇਕ ਲਗਾ ਕੇ ਫਾਇਦਾ ਲੈ ਸਕਦਾ ਹੈ।

**ਤਿੰਨ ਸਾਲ ਤੱਕ ਸਫੈਦੇ ਦੀ ਕਰਨੀ ਪੈਂਦੀ ਸਾਂਭ-ਸੰਭਾਲ**

ਰੇਂਜ ਅਫਸਰ ਹਰ ਗੁਰਨੇਕ ਸਿੰਘ ਨੇ ਦੱਸਿਆ ਕਿ ਕਲੋਨ ਸਫੈਦੇ ਦੇ ਬੂਟੇ 'ਤੇ ਸਬਸਿਡੀ ਦਿੱਤੀ ਜਾ ਰਹੀ ਹੈ। ਪਹਿਲੇ ਸਾਲ 30 ਰੁਪਏ ਕਿਸਾਨਾਂ ਦੇ ਖਾਤੇ ਵਿਚ ਅਤੇ ਅਗਲੇ ਦੋ ਸਾਲਾਂ ਵਿਚ 15-15 ਰੁਪਏ ਖਾਤੇ ਵਿਚ ਪਾਏ ਜਾਣਗੇ। ਜੇਕਰ ਬੂਟੇ ਵਧਣ-ਫੁੱਲਣ ਲੱਗ ਜਾਣਗੇ ਤਦ ਕਿ ਕਿਸਾਨਾਂ ਨੂੰ ਇਸ ਦਾ ਫਾਇਦਾ ਮਿਲੇਗਾ। ਸਫੈਦੇ ਅਤੇ ਪਾਪੂਲਰ ਦੀ ਡਿਮਾਂਡ ਇਸ ਸਮੇਂ ਮਾਰਕੀਟ ਵਿਚ ਬਹੁਤ ਹੈ। ਇਸ ਬਾਰੇ ਕਿਸਾਨਾਂ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ ਕਿਉਂਕਿ ਸਫੈਦੇ ਦੀ ਲੱਕੜ ਮਾਰਕੀਟ ਵਿਚ ਕਾਫੀ ਮਹਿੰਗੀ ਵਿਕਦੀ ਹੈ। ਇਕ ਗੱਲ ਜ਼ਰੂਰ ਹੈ ਸਫੈਦਾ ਪੰਜ ਸਾਲਾਂ ਬਾਅਦ ਤਿਆਰ ਹੁੰਦਾ ਤਾਂ ਕਿਸਾਨਾਂ ਦੀ ਜੇਬ ਵਿਚ ਮੋਟਾ ਮੁਨਾਫਾ ਵੀ ਜਾਂਦਾ ਹੈ। ਜੰਗਲਾਤ ਵਿਭਾਗ ਵਲੋਂ ਲਗਾਤਾਰ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ, ਕਿ ਬੂਟੇ ਸਹੀ ਢੰਗ ਨਾਲ ਪਾਲੇ ਜਾ ਰਹੇ ਹਨ ਕਿ ਨਹੀਂ।

**2 ਲੱਖ ਤੋਂ ਵੱਧ ਬੂਟਿਆਂ ਦੀ ਹੋ ਚੁੱਕੀ ਹੈ ਰਜਿਸਟ੍ਰੇਸ਼ਨ**

ਪੂਰੇ ਪੰਜਾਬ ਵਿਚ ਕਿਸਾਨਾਂ ਨੇ 2 ਲੱਖ ਤੋਂ ਵੱਧ ਬੂਟਿਆਂ ਦੀ ਰਜਿਸਟ੍ਰੇਸ਼ਨ ਕਰਵਾ ਲਈ ਹੈ। ਮੌਸਮ ਦੇ ਹਿਸਾਬ ਦੇ ਨਾਲ ਸਫੈਦੇ ਨੂੰ ਇਸ ਸਮੇਂ ਲਗਾਉਣਾ ਬਹੁਤ ਵੀ ਵਧੀਆ ਹੈ, ਕਿਉਕਿ ਬਰਸਾਤੀ ਮੌਸਮ ਚੱਲ ਰਿਹਾ ਹੈ ਅਤੇ ਸਫੈਦਾ ਤੇਜ਼ੀ ਨਾਲ ਵਧੇਗਾ-ਫੁੱਲੇਗਾ।

ਜੇਕਰ ਕੋਈ ਕਿਸਾਨ ਆਪਣੇ ਖੇਤਾਂ ਵਿਚ ਬਲਾਕ ਪਲਾਂਟੇਸ਼ਨ ਕਰਦਾ ਹੈ ਤਾਂ ਉਸ ਨੂੰ ਪ੍ਰਤੀ ਹੈਕਟੇਅਰ 37,500 ਰੁਪਏ ਦੀ ਸਬਸਿਡੀ ਦਿੱਤੀ ਜਾਂਦੀ ਹੈ। ਪਹਿਲੇ ਸਾਲ ਅਤੇ ਦੂਜੇ ਸਾਲ ਕਿਸਾਨਾਂ ਨੂੰ ਬੂਟੇ ਲਗਾਉਣ 'ਤੇ 50-25 ਦੇ ਅਨੁਪਾਤ ਦੇ ਹਿਸਾਬ ਦੇ ਨਾਲ ਸਬਸਿਡੀ ਦਿੱਤੀ ਜਾਂਦੀ ਹੈ। ਜੰਗਲਾਤ ਵਿਭਾਗ ਦਾ ਕਹਿਣਾ ਹੈ ਕਿ ਜੇਕਰ ਕਿਸੇ ਕਿਸਾਨ ਨੇ ਇਸ ਸਕੀਮ ਦਾ ਫਾਇਦਾ ਲੈਣਾ ਹੈ ਤਾਂ ਉਹ ਦਫਤਰ ਆ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦਾ ਹੈ।

**ਪਾਪੂਲਰ ਤੇ ਸਫੈਦਾ ਫਸਲ ਹੈ, ਜੰਗਲ ਦੇ ਦਰੱਖਤ ਨਹੀਂ**

ਕਿਸਾਨਾਂ ਨੂੰ ਜਾਣਕਾਰੀ ਦਿੰਦੇ ਹੋਏ ਅਧਿਕਾਰੀਆਂ ਨੇ ਦੱਸਿਆ ਕਿ ਪਾਪੂਲਰ ਤੇ ਸਫੈਦਾ ਜੰਗਲ ਦੀ ਲੱਕੜੀ ਨਹੀਂ ਹੈ। ਚਾਰ-ਪੰਜ ਸਾਲਾਂ ਵਿਚ ਬੂਟਾ ਤਿਆਰ ਹੋ ਕੇ ਬਾਜ਼ਾਰ ਵਿਚ ਆ ਜਾਂਦਾ ਹੈ। ਜੰਗਲਾਤ ਵਿਭਾਗ ਇਸ ਸਮੇਂ ਪਾਪੂਲਰ ਦਾ ਰਕਬਾ ਵਧਾਉਣ ਲਈ ਨਰਸਰੀਆਂ ਵੀ ਲਗਾ ਰਿਹਾ ਹੈ।

**ਇਹ ਹੋਵੇਗਾ ਫਾਇਦਾ ਕਿਸਾਨਾਂ ਨੂੰ ਅਤੇ ਜੰਗਲਾਤ ਵਿਭਾਗ ਨੂੰ**

ਵੱਧ ਤੋਂ ਵੱਧ ਪਾਪੂਲਰ ਤੇ ਸਫੈਦਾ ਲੱਗੇਗਾ ਤਾਂ ਜੰਗਲਾਤ ਵਿਭਾਗ ਨੂੰ ਇਸ ਦਾ ਫਾਇਦਾ ਤਾਂ ਹੋਵੇਗਾ ਹੀ, ਨਾਲ ਹੀ ਵਾਤਾਤਰਣ ਪ੍ਰਦੂਸ਼ਿਤ ਹੋਣ ਤੋਂ ਬਚੇਗਾ। ਇਸ ਦੇ ਨਾਲ ਹੀ ਕਿਸਾਨਾਂ ਨੂੰ ਵੀ ਮੋਟਾ ਮੁਨਾਫਾ ਹੋਵੇਗਾ ਅਤੇ ਰੋਜ਼ਗਾਰ ਵੀ ਮਿਲੇਗਾ।

# ਕੇ.ਵੀ.ਕੇ., ਸੰਗਰੂਰ ਵਲੋਂ ਝੋਨੇ ਵਿੱਚ ਮਧਰੇਪਣ ਦੇ ਰੋਗ ਅਤੇ ਬਾਸਮਤੀ ਦੀਆਂ ਬੀਮਾਰੀਆਂ 'ਤੇ ਖੁਰਾਕੀ ਤੱਤਾਂ ਦੇ ਪ੍ਰਬੰਧ ਬਾਰੇ ਕਿਸਾਨਾਂ ਅਤੇ ਵਿਗਿਆਨੀਆਂ ਦੀ ਵਿਚਾਰ-ਗੋਸ਼ਟੀ ਦਾ ਆਯੋਜਨ

ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਵਲੋਂ ਪੌਦਾ ਰੋਗ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਸਹਿਯੋਗ ਨਾਲ ਤਹਿਸੀਲ ਮੂਨਕ ਦੇ ਪਿੰਡ ਭੂਲਣ ਵਿਖੇ ਅਗਾਂਹਵਧੂ ਕਿਸਾਨ ਬਾਲ ਕ੍ਰਿਸ਼ਨ ਦੇ ਖੇਤ ਵਿੱਚ ਝੋਨੇ ਵਿੱਚ ਮਧਰੇਪਣ ਦੇ ਰੋਗ ਅਤੇ ਬਾਸਮਤੀ ਦੀਆਂ ਬੀਮਾਰੀਆਂ 'ਤੇ ਖੁਰਾਕੀ ਤੱਤਾਂ ਦੇ ਪ੍ਰਬੰਧ ਸਬੰਧੀ ਕਿਸਾਨਾਂ ਅਤੇ ਵਿਗਿਆਨੀਆਂ ਦੀ ਵਿਚਾਰ-ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਭੂਲਣ ਤੋਂ ਇਲਾਵਾ ਬਨਾਰਸੀ, ਅਨਦਾਨਾ ਅਤੇ ਬਾਹਮਣੀ ਵਾਲਾ ਪਿੰਡਾਂ ਦੇ 70 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ ਅਤੇ ਝੋਨੇ, ਬਾਸਮਤੀ, ਨਰਮਾ, ਸਬਜ਼ੀਆਂ ਅਤੇ ਫਲਦਾਰ ਬੂਟਿਆਂ ਦੀ ਸੱਮਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।



ਇਸ ਵਿਚਾਰ-ਗੋਸ਼ਟੀ ਮੌਕੇ ਡਾ. ਮਨਦੀਪ ਸਿੰਘ, ਐਸੋਸੀਏਟ ਡਾਇਰੈਕਟਰ (ਟਰੇਨਿੰਗ), ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਗੋਸ਼ਟੀ ਵਿੱਚ ਭਾਗ ਲੈਣ ਆਏ ਕਿਸਾਨਾਂ ਦਾ ਭਰਵਾਂ ਸਵਾਗਤ ਕੀਤਾ ਅਤੇ ਵਿਚਾਰ-ਗੋਸ਼ਟੀ ਦੇ ਵਿਸ਼ਿਆਂ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਕਿਸਾਨ ਵੀਰਾਂ ਨੂੰ ਆਪਣੀਆਂ ਫਸਲਾਂ ਵਿੱਚ ਦਰਪੇਸ਼ ਸੱਮਸਿਆਵਾਂ ਦੇ ਸਹੀ ਅਤੇ ਢੁਕਵੇਂ ਹੱਲ ਲਈ ਖੇਤੀ ਮਾਹਿਰਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੂੰ ਬੇਲੋੜੀਆਂ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੇਲੋੜੇ ਖੇਤੀ ਖਰਚੇ ਘਟਾਉਣ ਨਾਲ ਹੀ ਖੇਤੀ ਤੋਂ ਸ਼ੁੱਧ ਮੁਨਾਫਾ ਵਧਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਕਿਸਾਨਾਂ ਨੂੰ ਬਾਸਮਤੀ ਵਿੱਚ ਝੰਡਾ ਰੋਗ ਦੀ ਰੋਕਥਾਮ ਲਈ ਗੈਰ-ਸਿਫਾਰਸ਼ ਤਰੀਕੇ ਅਪਨਾਉਣ ਤੋਂ ਵਰਜਦਿਆਂ ਸਿਰਫ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫ਼ਾਰਸ਼ ਕੀਤੀਆਂ ਦਵਾਈਆਂ ਨਾਲ ਬੀਜ ਅਤੇ ਪਨੀਰੀ ਦੀ ਸੋਧ ਕਰਨ ਲਈ ਕਿਹਾ।

ਪੀਏਯੂ ਤੋਂ ਉੱਚੇਚੇ ਤੌਰ 'ਤੇ ਪਹੁੰਚੇ ਡਾ. ਅਮਰਜੀਤ ਸਿੰਘ, ਸੀਨੀਅਰ ਪੌਦਾ ਰੋਗ ਵਿਗਿਆਨੀ ਨੇ ਬਾਸਮਤੀ ਵਿੱਚ ਝੰਡਾ ਰੋਗ ਦੀ ਰੋਕਥਾਮ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਾਸਮਤੀ ਦੇ ਬੀਜ ਦੀ ਸੋਧ ਕਰਨੀ ਕਦੇ ਨਹੀਂ ਭੁੱਲਣੀ ਚਾਹੀਦੀ। ਕਿਉਂਕਿ ਇਹ ਬਿਮਾਰੀ ਬੀਜ ਰਾਹੀਂ ਫੈਲਦੀ ਹੈ ਅਤੇ ਬੂਟੇ ਦੇ ਅੰਦਰ ਹੀ ਅੰਦਰ ਵੱਧਦੀ ਹੈ। ਉਨ੍ਹਾਂ ਕਿਹਾ ਕਿ ਬਿਮਾਰੀ ਵਾਲੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਝੋਨੇ ਅਤੇ ਬਾਸਮਤੀ ਵਿੱਚ ਆਉਣ ਵਾਲੀਆਂ ਮੁੱਖ ਬਿਮਾਰੀਆਂ ਜਿਵੇਂ ਕਿ ਸ਼ੀਥ ਬਲਾਈਟ, ਬੈਕਟੀਰੀਅਲ ਲੀਫ ਬਲਾਈਟ, ਝੂਠੀ ਕਾਂਗਿਆਰੀ, ਝੁਰੜ ਰੋਗ ਆਦਿ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਉਨ੍ਹਾਂ ਆਪਣੀ ਗੱਲਬਾਤ ਦੌਰਾਨ ਨਰਮੇ ਦੀਆਂ ਬੀਮਾਰੀਆਂ ਜਿਵੇਂ ਕਿ ਪੱਤਾ ਮਰੋੜ, ਪੈਰਾ ਵਿਲਟ, ਬੈਕਟੀਰੀਅਲ ਬਲਾਈਟ, ਪੱਤਿਆਂ ਦੇ ਧੱਬਿਆਂ ਦਾ ਰੋਗ ਆਦਿ ਦੀ ਰੋਕਥਾਮ ਬਾਰੇ ਵੀ ਸੁਝਾਅ ਦਿੱਤੇ।

ਡਾ. ਮਨਮੋਹਨ ਢਕਾਲ, ਪੌਦਾ ਰੋਗ ਵਿਗਿਆਨੀ, ਪੀਏਯੂ, ਲੁਧਿਆਣਾ ਨੇ ਕਿਸਾਨਾਂ ਨੂੰ ਝੋਨੇ ਵਿੱਚ ਬੂਟਿਆਂ ਦੇ ਮਧਰੇਪਣ ਦੀ ਸਮੱਸਿਆ ਬਾਰੇ ਜਾਣਕਾਰੀ ਦਿੰਦਿਆਂ ਹੋਏ ਦੱਸਿਆ ਕਿ ਇਹ ਇੱਕ ਵਿਸ਼ਾਣੂੰ ਰੋਗ ਹੈ ਅਤੇ ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ ਰਹਿ ਜਾਂਦੇ ਹਨ। ਜਿਨਾਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ ਤਿਹਾਈ ਰਹਿ ਜਾਂਦੀ ਹੈ। ਇਹ ਵਿਸ਼ਾਣੂੰ ਰੋਗ ਚਿੱਟੇ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ ਜੋ ਕਿ ਝੋਨੇ ਦੀਆਂ ਮੌਜੂਦਾ ਸਾਰੀਆਂ ਕਿਸਮਾਂ ਉੱਤੇ ਹਮਲਾ ਕਰਦਾ ਹੈ। ਇਨ੍ਹਾਂ ਟਿੱਡਿਆਂ ਨੂੰ ਪੀਏਯੂ ਵਲੋਂ ਸਿਫਾਰਸ਼ ਕੀਤੇ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਕਾਬੂ ਕੀਤਾ ਜਾ ਸਕਦਾ ਹੈ।

ਡਾ. ਅਸ਼ੋਕ ਕੁਮਾਰ, ਸਹਾਇਕ ਪ੍ਰੋਫੈਸਰ (ਭੂਮੀ ਵਿਗਿਆਨ), ਕੇ.ਵੀ.ਕੇ, ਸੰਗਰੂਰ ਨੇ ਕਿਸਾਨਾਂ ਨੂੰ ਬਾਸਮਤੀ ਅਤੇ ਨਰਮੇ ਵਿੱਚ ਸਹੀ ਖੁਰਾਕੀ ਪ੍ਰਬੰਧ ਖਾਸ ਕਰਕੇ ਝੋਨੇ ਵਿੱਚ ਜ਼ਿੰਕ ਦੀ ਸਿਫ਼ਾਰਸ਼ ਮਾਤਰਾ ਦੀ ਸੁਚੱਜੀ ਵਰਤੋਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਸਾਨਾਂ ਨੂੰ ਝੋਨੇ, ਬਾਸਮਤੀ ਅਤੇ ਨਰਮੇ ਵਿੱਚ ਪੋਟਾਸ਼ੀਅਮ ਨਾਈਟਰੇਟ ਦੀ ਵਰਤੋਂ ਅਤੇ ਇਸ ਦੇ ਫਾਇਦਿਆਂ ਬਾਰੇ ਵੀ ਦੱਸਿਆ। ਇਸ ਪ੍ਰੋਗਰਾਮ ਦੌਰਾਨ ਕਿਸਾਨਾਂ ਨੂੰ ਬੈਂਗਣ, ਟਮਾਟਰ ਅਤੇ ਗੋਭੀ ਦੀ ਪਨੀਰੀ ਦੀ ਵਿਕਰੀ ਕੀਤੀ ਗਈ ਅਤੇ ਪੀਏਯੂ ਦੀਆਂ ਪ੍ਰਕਾਸ਼ਨਾਵਾਂ ਦੀ ਪ੍ਰਦਰਸ਼ਨੀ ਲਾਈ ਗਈ।

# ਪੰਜਾਬ ਵਿੱਚ ਬਾਸਮਤੀ ਚੌਲਾਂ ਦੀ ਫ਼ਸਲ ਵਿੱਚ ਵਰਤੇ ਜਾਣ ਵਾਲੇ 10 ਕੀਟਨਾਸ਼ਕਾਂ ਦੀ ਵਿਕਰੀ 'ਤੇ ਪਾਬੰਦੀ

ਪੰਜਾਬ ਸਰਕਾਰ ਨੇ 1 ਅਗਸਤ ਤੋਂ 10 ਅਜਿਹੇ ਕੀਟਨਾਸ਼ਕਾਂ ਨੂੰ ਬਣਾਉਣ, ਸਟੋਰ ਕਰਨ, ਡਿਸਟਰੀਬਿਊਸ਼ਨ ਅਤੇ ਵੇਚਣ 'ਤੇ ਪਾਬੰਦੀ ਲਗਾ ਦਿੱਤੀ ਹੈ, ਜਿਨ੍ਹਾਂ ਦੀ ਵਰਤੋਂ ਬਾਸਮਤੀ ਚੌਲਾਂ ਦੀ ਬਿਜਾਈ ਅਤੇ ਉਸ ਤੋਂ ਬਾਅਦ ਫ਼ਸਲ ਤਿਆਰ ਕਰਨ ਵਿੱਚ ਕੀਤੀ ਜਾਂਦੀ ਸੀ। ਇਨ੍ਹਾਂ ਕੀਟਨਾਸ਼ਕਾਂ ਵਿੱਚ ਐਸੀਫੇਟ, ਬੁਪਰੋਫੇਜ਼ਿਨ, ਕਲੋਰੋਪਾਈਰੀਫਾਸ, ਹੈਕਜ਼ਾਕੋਨੋਜ਼ੋਲ ਆਦਿ ਪ੍ਰਮੁੱਖ ਹਨ। ਬਾਸਮਤੀ ਚਾਵਲ ਤਿਆਰ ਹੋਣ 'ਤੇ ਇਨ੍ਹਾਂ ਕੀਟਨਾਸ਼ਕਾਂ ਦੇ ਵਿਸ਼ੈਲੇ ਤੱਤਾਂ ਦਾ ਅਸਰ ਪਾਏ ਜਾਣ ਤੋਂ ਬਾਅਦ 60 ਦਿਨਾਂ ਲਈ ਇਹ ਪਾਬੰਦੀ ਲਗਾਈ ਗਈ ਹੈ। ਖਾੜੀ ਦੇਸ਼ਾਂ ਤੋਂ ਲੈ ਕੇ ਕਈ ਯੂਰਪੀਅਨ ਦੇਸ਼ਾਂ ਵਿੱਚ ਪੰਜਾਬ ਤੋਂ ਭੇਜੀ ਗਈ ਬਾਸਮਤੀ ਵਿੱਚ ਕੀਟਨਾਸ਼ਕਾਂ ਦਾ ਅਸਰ ਪਾਇਆ ਗਿਆ। ਉੱਥੇ ਤੋਂ ਕਨਸਾਇਨਮੈਂਟ ਨੂੰ ਕੈਂਸਲ ਕਰਕੇ ਵਾਪਿਸ ਭੇਜਿਆ ਜਾ ਚੁੱਕਾ ਹੈ। ਅਜਿਹਾ ਵਾਰ-ਵਾਰ ਹੋਣ 'ਤੇ ਕਈ ਦੇਸ਼ਾਂ ਨੇ ਭਾਰਤ ਤੋਂ, ਖਾਸ ਕਰਕੇ ਪੰਜਾਬ ਤੋਂ ਮੰਗਵਾਏ ਜਾਣ ਵਾਲੇ ਬਾਸਮਤੀ ਚੌਲਾਂ 'ਤੇ ਰੋਕ ਵੀ ਲਗਾਈ ਹੋਈ ਹੈ। ਭਾਰਤ ਸਰਕਾਰ ਨੇ ਵੀ ਇਸ ਸੰਬੰਧ ਵਿੱਚ ਪੰਜਾਬ ਸਰਕਾਰ ਨੂੰ ਸੂਚਿਤ ਕੀਤਾ ਹੋਇਆ ਹੈ। ਇਸ ਸਾਰੇ ਹਾਲਾਤਾਂ ਨੂੰ ਦੇਖਦੇ ਹੋਏ ਹੀ ਇਹ ਪਾਬੰਦੀ ਲਗਾਈ ਗਈ ਹੈ।

**ਐਮ. ਆਰ. ਐਲ. ਲੈਵਲ ਕਾਫੀ ਜ਼ਿਆਦਾ ਪਾਇਆ ਗਿਆ**

ਪੰਜਾਬ ਤੋਂ ਭੇਜੇ ਗਏ ਬਾਸਮਤੀ ਚੌਲਾਂ ਵਿੱਚ ਮੈਕਸੀਮਮ ਰੇਜ਼ੀਡਿਊਲ ਲੈਵਲ (ਐਮ. ਆਰ. ਐਲ.) ਤੋਂ ਕਾਫੀ ਜ਼ਿਆਦਾ ਪਾਏ ਜਾਣ ਤੋਂ ਬਾਅਦ ਇਹ ਕਾਰਵਾਈ ਤੇਜ਼ੀ ਨਾਲ ਕੀਤੀ ਗਈ ਹੈ। ਪੰਜਾਬ ਵਿੱਚ ਵੈਸੇ ਵੀ ਦੇਸ਼ ਵਿੱਚ ਪ੍ਰਤੀ ਏਕੜ ਸਭ ਤੋਂ ਵੱਧ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਬਾਸਮਤੀ ਫਸਲ 'ਤੇ ਵੀ ਜ਼ਿਆਦਾ ਕੀਟਨਾਸ਼ਕਾਂ ਦਾ ਛਿੜਕਾਅ ਦੇਖਿਆ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਵੀ ਰਾਜ ਵਿੱਚ ਬਾਸਮਤੀ ਫਸਲ ਵਿੱਚ ਕੀੜਿਆਂ ਦੇ ਹਮਲਿਆਂ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਿਫਾਰਿਸ਼ ਕੀਤੀ ਹੈ।

**ਸਰਕਾਰ ਦਾ ਸੁਝਾਅ, ਵਿਕਲਪ ਅਪਣਾਏ ਜਾ ਸਕਦੇ ਹਨ**

ਇਸ ਦੇ ਨਾਲ ਹੀ ਸਰਕਾਰ ਨੇ ਸੁਝਾਅ ਦਿੱਤਾ ਹੈ ਕਿ ਬਾਸਮਤੀ ਫਸਲ ਦੀ ਸੁਰੱਖਿਆ ਲਈ ਇਨ੍ਹਾਂ ਕੀਟਨਾਸ਼ਕਾਂ ਦੇ ਵਿਕਲਪ ਅਪਣਾਏ ਜਾ ਸਕਦੇ ਹਨ, ਜਿਨ੍ਹਾਂ ਵਿੱਚ ਜ਼ਹਿਰੀਲੇ ਤੱਤਾਂ ਦੀ ਮਾਤਰਾ ਕਾਫੀ ਘੱਟ ਹੁੰਦੀ ਹੈ। ਇਹ ਕੀਟਨਾਸ਼ਕ ਪੰਜਾਬ ਦੇ ਬਾਜ਼ਾਰ ਵਿੱਚ ਆਸਾਨੀ ਨਾਲ ਉਪਲੱਬਧ ਹਨ।

**ਇਨ੍ਹਾਂ ਕੀਟਨਾਸ਼ਕਾਂ 'ਤੇ ਲਗਾਈ ਗਈ ਹੈ ਪਾਬੰਦੀ** : 1. ਐਸੀਫੇਟ 2. ਬੁਪਰੋਫੇਜ਼ਿਨ 3. ਕਲੋਰੋਪਾਈਰੀਫਾਸ 4. ਹੈਕਸਾਕੋਨਾਜ਼ੋਲ 5. ਪ੍ਰੋਪੀਕੋਨਾਜ਼ੋਲ 6. ਥਾਇਆਮਿਥੋਕਸਮ 7. ਪ੍ਰੋਫੇਨੋਫੋਸ 8. ਅਮਿਡਾਕਲੋਪ੍ਰਿਡ 9. ਕਾਰਬਨਡਾਜ਼ਿਮ 10. ਟ੍ਰਾਈਸਾਈਕਲਾਜ਼ੋਲ




# ਬਾਸਮਤੀ ਦੀ ਫਸਲ 'ਤੇ ਹੋਇਆ ਰਾਈਸ ਹਿਸਪਾ ਦਾ ਭਿਆਨਕ ਹਮਲਾ

## ਖੇਤੀ ਮਾਹਿਰਾਂ ਨੇ ਦੱਸੇ ਬਚਾਅ ਦੇ ਤਰੀਕੇ, ਕਿਸਾਨਾਂ ਨੂੰ ਕੀਤਾ ਸੁਚੇਤ

ਮੌਸਮ 'ਚ ਨਮੀਂ ਅਤੇ ਤਪਸ਼ ਵਧਣ ਕਾਰਨ ਗੁਰਦਾਸਪੁਰ ਸਮੇਤ ਹੋਰ ਇਲਾਕਿਆਂ 'ਚ ਬਾਸਮਤੀ ਅਤੇ ਝੋਨੇ ਦੀਆਂ ਕੁਝ ਕਿਸਮਾਂ 'ਤੇ ਰਾਈਸ ਹਿਪਾ ਨਾਂ ਦੇ ਕੀੜੇ ਦਾ ਭਿਆਨਕ ਹਮਲਾ ਹੋਇਆ ਹੈ, ਜਿਸ ਤਹਿਤ ਅੱਜ ਖੇਤੀ ਮਾਹਿਰਾਂ ਦੀ ਟੀਮ ਨੇ ਬਲਾਕ ਗੁਰਦਾਸਪੁਰ ਦੇ ਪਿੰਡ ਗਾਦੜੀਆਂ, ਰਾਮ ਨਗਰ, ਭਣ ਅਤੇ ਭੰਗਵਾਂ ਆਦਿ ਦਾ ਦੌਰਾ ਕਰ ਕੇ ਕਿਸਾਨਾਂ ਨੂੰ ਇਸ ਕੀੜੇ ਤੋਂ ਫਸਲ ਨੂੰ ਬਚਾਉਣ ਦੇ ਤਰੀਕੇ ਦੱਸੇ ਹਨ।

ਜ਼ਿਲਾ ਗੁਰਦਾਸਪੁਰ ਦੇ ਸਿਖਲਾਈ ਅਫਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਕਿਸਾਨਾਂ ਨੂੰ ਇਸ ਕੀੜੇ ਦੀ ਰੋਕਥਾਮ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ ਅਤੇ ਜੇਕਰ ਇਸਦੀ ਸਹੀ ਰੋਕਥਾਮ ਨਾ ਕੀਤੀ ਗਈ ਤਾਂ ਫਸਲ ਦਾ ਬਹੁਤ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਝੋਨੇ ਅਤੇ ਬਾਸਮਤੀ ਦੀ ਫਸਲ ਨੂੰ ਲੱਗਣ ਵਾਲੇ ਮੁੱਖ ਕੀੜਿਆਂ ਦੀ ਪਛਾਣ ਅਤੇ ਸਰਵਪੱਖੀ ਰੋਕਥਾਮ ਝੋਨੇ ਦੀ ਫਸਲ 'ਤੇ ਤਕਰੀਬਨ ਦਰਜਨ ਤੋਂ ਵੱਧ ਕੀੜੇ ਹਮਲਾ ਕਰ ਕੇ ਔਸਤਨ 28 ਫੀਸਦੀ ਨੁਕਸਾਨ ਕਰ ਦਿੰਦੇ ਹਨ। ਇਨ੍ਹਾਂ 'ਚੋਂ ਮੁੱਖ ਤੌਰ 'ਤੇ ਤਣੇ ਦਾ ਗੜੂੰਆਂ, ਪੱਤਾ ਲਪੇਟ ਸੁੰਡੀ, ਕੰਡਿਆਲੀ ਕਾਲੀ ਭੂੰਡੀ, ਟਿੱਡੇ ਅਤੇ ਚੂਹੇ ਕੁਝ ਅਜਿਹੇ ਕੀੜੇ ਹਨ, ਜਿਨ੍ਹਾਂ ਦੀ ਸਮੇਂ ਸਿਰ ਰੋਕਥਾਮ ਕਰ ਕੇ ਹੋਣ ਵਾਲੇ ਨੁਕਸਾਨ ਨੂੰ ਘਟਾ ਕੇ ਪੈਦਾਵਾਰ 'ਚ ਵਾਧਾ ਕੀਤਾ ਜਾ ਸਕਦਾ ਹੈ। ਇਸ ਵਾਰ ਮੌਸਮ ਸੁਹਾਵਣਾ ਰਹਿਣ ਕਾਰਨ ਝੋਨੇ ਦੀ ਫਸਲ 'ਤੇ ਕਿਸੇ ਕੀੜੇ ਜਾਂ ਬੀਮਾਰੀ ਦਾ ਹਮਲਾ ਦੇਖਣ ਨੂੰ ਨਹੀਂ ਮਿਲਿਆ।




ਝੋਨੇ ਦੀ ਫਸਲ 'ਚ ਇਸ ਵੇਲੇ ਬਹੁਤ ਵੱਡੀ ਗਿਣਤੀ ਵਿਚ ਮਿੱਤਰ ਕੀੜੇ ਮੌਜੂਦ ਹਨ, ਜੋ ਦੁਸ਼ਮਨ ਕੀੜਿਆਂ ਨੂੰ ਖਾ ਕੇ ਕਿਸਾਨਾਂ ਦੀ ਮਦਦ ਕਰਦੇ ਹਨ। ਆਮ ਕਰ ਕੇ ਕਿਸਾਨ ਕਿਸੇ ਦੇ ਕਹਿਣ 'ਤੇ ਜਾਂ ਦੇਖਾ-ਦੇਖੀ ਇਕ-ਦੋ ਦੁਸ਼ਮਣ ਕੀੜਿਆਂ ਨੂੰ ਖਾ ਕੇ ਕਿਸਾਨਾਂ ਨੂੰ ਖਾ ਕੇ ਕਿਸਾਨਾਂ ਦੀ ਮਦਦ ਕਰਦੇ ਹਨ। ਆਮ ਕਰ ਕੇ ਕਿਸਾਨ ਕਿਸੇ ਦੇ ਕਹਿਣ 'ਤੇ ਜਾਂ ਦੇਖਾ-ਦੇਖੀ ਇਕ-ਦੋ ਦੁਸ਼ਮਣ ਕੀੜੇ ਦੇਖ ਕੇ ਹੀ ਕੀਟਨਾਸ਼ਕ ਦਾ ਛਿੜਕਾਅ ਸ਼ੁਰੂ ਕਰ ਦਿੰਦੇ ਹਨ, ਜਿਸ ਨਾਲ ਵੱਡੀ ਗਿਣਤੀ 'ਚ ਖੇਤ ਵਿਚ ਮੌਜੂਦ ਮਿੱਤਰ ਕੀੜੇ ਜਿਵੇਂ ਡਰੈਗਨ ਫਲਾਈ, ਡੈਸਮਲ ਫਲਾਈ, ਮੱਕੜੀਆਂ ਆਦਿ ਮਰ ਜਾਂਦੀਆਂ ਹਨ ਅਤੇ ਕੁਝ ਸਮੇਂ ਬਾਅਦ ਦੁਸ਼ਮਣ ਕੀੜਿਆਂ ਦੀ ਗਿਣਤੀ 'ਚ ਵਾਧਾ ਸ਼ੁਰੂ ਹੋ ਜਾਂਦਾ ਹੈ।

### ਸਹੀ ਜਾਣਕਾਰੀ ਜ਼ਰੂਰੀ

ਝੋਨੇ ਦੇ ਕੀੜਿਆਂ ਦੀ ਪਛਾਣ ਕੀਤੇ ਜਾਣ ਵਾਲੇ ਨੁਕਸਾਨ ਅਤੇ ਸਹੀ ਰੋਕਥਾਮ ਬਾਰੇ ਕਿਸਾਨ ਵੀਰਾਂ ਨੂੰ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਆਮ ਤੌਰ 'ਤੇ ਦੇਖਿਆ ਗਿਆ ਕਿ ਕਿਸਾਨ ਆਪਣੀਆਂ ਸਮੱਸਿਆਵਾਂ ਦੇ ਹੱਲ ਲਈ ਦੁਕਾਨਦਾਰਾਂ 'ਤੇ ਨਿਰਭਰ ਕਰਦੇ ਹਨ, ਜਿਸ ਨਾਲ ਕਈ ਵਾਰੀ ਫਾਇਦੇ ਦੀ ਬਜਾਏ ਨੁਕਸਾਨ ਹੋ ਜਾਂਦਾ ਹੈ। ਦੁਕਾਨਦਾਰ ਆਮ ਕਰ ਕੇ ਕਿਸਾਨ ਵੀਰਾਂ ਨੂੰ ਸਿਫਾਰਸ਼ਾਂ ਦੇ ਉਲਟ ਘੱਟੋ-ਘੱਟ 2 ਜਾਂ 3 ਕੀਟਨਾਸ਼ਕਾਂ ਦਵਾਈਆਂ ਦੇ ਦਿੰਦੇ ਹਨ ਅਤੇ ਕਈ ਵਾਰ ਦਵਾਈ ਦੀਆਂ ਸਿਫਾਰਸ਼ਾਂ ਦੇ ਉਲਟ ਮਾਤਰਾ ਵੀ ਵਧਾ ਕੇ ਦਿੰਦੇ ਹਨ ਤਾਂ ਜੋ ਉਨ੍ਹਾਂ ਦੀ ਵਿਕਰੀ ਵੱਧ ਹੋਣ ਕਾਰਨ ਫਾਇਦਾ ਜ਼ਿਆਦਾ ਹੋ ਸਕੇ ਪਰ ਇਸ ਨਾਲ ਜਿੱਥੇ ਕਿਸਾਨ ਦਾ ਆਰਥਿਕ ਸੋਸ਼ਣ ਹੁੰਦਾ ਹੈ, ਉੱਥੇ ਫਸਲ ਉੱਪਰ ਕੀੜਿਆਂ ਦੀ ਰੋਕਥਾਮ ਵੀ ਨਹੀਂ ਹੁੰਦੀ, ਸੋ ਕਿਸਾਨ ਵੀਰਾਂ ਨੂੰ ਚਾਹੀਦਾ ਹੈ ਕਿ ਜਦੋਂ ਕਿਸੇ ਵੀ ਫਸਲ 'ਤੇ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਪਹਿਲਾਂ ਖੇਤੀ ਮਾਹਿਰਾਂ ਨਾਲ ਸੰਪਰਕ ਕਰਕੇ ਸਿਫਾਰਸ਼ ਕੀਤਿਆਂ ਕੀਟਨਾਸ਼ਕ ਰਸਾਇਣਾਂ ਦਾ ਹੀ ਛਿੜਕਾਅ ਕਰਨ ਤਾਂ ਜੋ ਕੀੜਿਆਂ ਦੀ ਸੁਚੱਜੀ ਰੋਕਥਾਮ ਦੇ ਨਾਲ-ਨਾਲ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ।

ਬਾਸਮਤੀ 370 ਜਾਂ 386 ਦੀ ਲਵਾਈ ਤੋਂ 45 ਦਿਨ ਬਾਅਦ ਉੱਪਰੋਂ ਪੱਤੇ ਕੱਟ ਦੇਣੇ ਚਾਹੀਦੇ ਹਨ, ਇਸ ਨਾਲ ਫਸਲ ਡਿੱਗੇਗੀ ਨਹੀਂ ਅਤੇ ਕੀੜੇ-ਮਕੌੜੇ ਤੋਂ ਵੀ ਬਚਾਅ ਰਹੇਗਾ। ਬਾਸਮਤੀ ਦੀ ਫਸਲ 'ਤੇ ਕੀੜਿਆਂ ਦੀ ਰੋਕਥਾਮ ਲਈ ਸਰਵਪੱਖੀ ਕੀਟ ਪ੍ਰਬੰਧ ਪ੍ਰਣਾਲੀ ਅਪਣਾਉਣੀ ਚਾਹੀਦੀ ਹੈ ਤਾਂ ਜੋ ਖੇਤੀ ਲਾਗਤ ਖਰਚੇ ਘਟਾ ਕੇ ਸ਼ੁੱਧ ਆਮਦਨ ਵਿਚ ਵਾਧਾ ਕੀਤਾ ਜਾ ਸਕੇ।

### ਕਿਵੇਂ ਨੁਕਸਾਨ ਕਰਦਾ ਹੈ ਰਾਈਸ ਹਿਸਪਾ

ਝੋਨੇ ਦਾ ਹਿਸਪਾ ਜਾਂ ਕੰਡਿਆਲੀ ਭੂੰਡੀ ਬਾਸਮਤੀ ਦੀ ਫਸਲ ਤੇ ਇਸ ਕੀੜੇ ਦਾ ਹਮਲਾ ਜ਼ਿਆਦਾ ਹੁੰਦਾ ਹੈ। ਇਸ ਦੇ ਬਾਲਗ ਕੀੜੇ ਦੇ ਸਰੀਰ 'ਤੇ ਕੰਡੇ ਹੋਣ ਕਾਰਨ ਇਸ ਨੂੰ ਕੰਡਿਆਲੀ ਭੂੰਡੀ ਕਹਿੰਦੇ ਹਨ। ਮਾਦਾ ਭੂੰਡੀ ਪੱਤਿਆਂ ਦੀਆਂ ਨੋਕਾਂ ਉਪਰ ਤਕਰੀਬਨ 90-100 ਅੰਡੇ ਦਿੰਦੀ ਹੈ ਇਹ ਕੀੜਾ ਪਹਿਲਾਂ ਜੂਨ ਅਤੇ ਫਿਰ ਅਗਸਤ-ਸਤੰਬਰ ਵਿਚ ਹਮਲਾ ਕਰਦਾ ਹੈ। ਇਸ ਕੀੜੇ ਦੇ ਬੱਚੇ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਹਰਾ ਮਾਦਾ ਖਾਂਦੇ ਹਨ, ਜਦ ਕਿ ਬਾਲਗ ਕੀੜੇ ਪੱਤੇ ਨੂੰ ਬਾਹਰੋਂ ਖੁਰਚ ਕੇ ਹਰਾ ਮਾਦਾ ਖਾ ਕੇ ਫਸਲ ਦਾ ਨੁਕਸਾਨ ਕਰਦੇ ਹਨ, ਜਿਸ ਨਾਲ ਪੱਤਿਆਂ ਉੱਪਰ ਚਿੱਟੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਹਮਲੇ ਵਾਲੀ ਫਸਲ ਦੂਰੋਂ ਹੀ ਪਛਾਣੀ ਜਾਂਦੀ ਹੈ।

### ਕਿਵੇਂ ਕੀਤੀ ਜਾ ਸਕਦੀ ਹੈ ਸਰਬਪੱਖੀ ਰੋਕਥਾਮ

ਜੇਕਰ ਇਸ ਕੀੜੇ ਦਾ ਹਮਲਾ ਬਾਸਮਤੀ ਜਾਂ ਝੋਨੇ ਦੀ ਪਨੀਰੀ ਉਪਰ ਹੋ ਜਾਵੇ ਤਾਂ ਪਨੀਰੀ ਖੇਤ 'ਚ ਲਾਉਣ ਤੋਂ ਪਹਿਲਾਂ ਪੱਤੇ ਕੱਟ ਕੇ ਨਸ਼ਟ ਕਰ ਦੇਣੇ ਚਾਹੀਦੇ ਹਨ। ਜੇਕਰ ਇਸ ਕੀੜੇ ਦਾ ਹਮਲਾ ਫਸਲ ਉੱਪਰ ਹੋਵੇ ਤਾਂ 800 ਮਿਲੀਲੀਟਰ ਕੁਇਨਲਫਾਸ 25 ਈ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ।

